P-1-32/Date of Posting: 4th-9th July 2023

ਮੁੱਲ: ₹20

# ਪ੍ਰਾਇਮਰੀ ਸਿੱਖਿਆ

ਜੁਲਾਈ 2023



ਪੰਜਾਬ ਸਕੂਲ ਸਿੱਖਿਆ
ਬੋਰਡ ਦਾ ਪ੍ਰਕਾਸ਼ਨ

# ਪ੍ਰਾਇਮਰੀ ਸਿੱਖਿਆ

ਜੁਲਾਈ 2023, ਸਾਲ 43ਵਾਂ ਅੰਕ 7

ਮੁੱਖ ਸੰਪਾਦਕ: ਅਮਰਜੀਤ ਕੌਰ ਦਾਲਮ
ਉਪ-ਸਕੱਤਰ, ਅਕਾਦਮਿਕ

ਸੰਪਾਦਕ: ਦਰਸ਼ਨ ਸਿੰਘ ਬਨੂੜ

ਡੀ.ਪੀ.ਆਈ. ਪੰਜਾਬ ਦੇ ਚਿੱਠੀ ਨੰ. 269/20-70
ਸ ਜ(3)1 ਮਿਤੀ 17.10.80 ਰਾਹੀਂ ਅਤੇ
ਡੀ.ਪੀ.ਆਈ. ਯੂ.ਟੀ. ਚੰਡੀਗੜ੍ਹ ਦੇ
ਪੱਤਰ ਨੰ. 8211-ਸ਼-1/110/81
ਮਿਤੀ 16.10.81
ਰਾਹੀਂ ਸਕੂਲਾਂ ਲਈ ਪ੍ਰਵਾਨਿਤ

ਇੱਕ ਕਾਪੀ : ₹20 | ਸਲਾਨਾ ਚੰਦਾ: ₹240

ਚੰਦਾ ਭੇਜਣ ਦਾ ਪਤਾ:
ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਦਾ ਪਤਾ:
ਸੰਪਾਦਕ
ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ
ਮੈਗਜ਼ੀਨ ਸੈੱਲ
ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062
ਸੰਪਰਕ: 0172-5227395

ਈ-ਮੇਲ: pankhrianpseb@gmail.com

ਬੋਰਡ ਦੀ ਵੈਬਸਾਈਟ: www.pseb.ac.in



ਲੇਖਕ ਆਪਣੇ ਵਿਚਾਰਾਂ ਲਈ ਖੁਦ ਜ਼ਿੰਮੇਵਾਰ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ।


## ਇਸ ਅੰਕ ਵਿੱਚ


ਸੰਪਾਦਕੀ /ਦਰਸ਼ਨ ਸਿੰਘ ਬਨੂੜ 3
ਇਕੱਠੇ ਪੜ੍ਹਦੇ-ਪੜ੍ਹਦੇ/ 4
ਪੁੱਤਾਂ-ਧੀਆਂ ਵਿੱਚ ਫ਼ਰਕ ਨਾ ਕੋਈ /ਆਤਮਾ ਸਿੰਘ ਚਿੱਟੀ 4
ਘਮੰਡ ਦਾ ਦੰਡ /ਹਰਿੰਦਰ ਸਿੰਘ ਗੋਗਨਾ 5
ਗ਼ਰਮੀ/ਦਾਦੀ-ਦਾਦਾ/ਮਨਮੋਹਨ ਸਿੰਘ ਬਾਸਰਕੇ 7
ਸਚਿਨ ਦੀ ਗ਼ਲਤੀ /ਜੋਗਿੰਦਰ ਕੌਰ ਅਗਨੀਹੋਤਰੀ 8
ਪਿੰਕੀ /ਵਿਵੇਕ ਕੋਟ ਈਸੇ ਖਾਂ 10
ਅਣਗਹਿਲੀ /ਰਣਬੀਰ ਸਿੰਘ ਪ੍ਰਿੰਸ 11
ਸੁਹਣੇ-ਸੁਹਣੇ ਅੱਖ਼ਰ /ਲਖਵਿੰਦਰ ਸਿੰਘ 12
ਸਾਡਾ ਸਕੂਲ /ਹਰਪ੍ਰੀਤ ਪੱਤੋਂ 12
ਰੁੱਖ ਅਤੇ ਵੇਲ /ਬਹਾਦਰ ਸਿੰਘ ਗੋਸਲ 13
ਮੇਰੀ ਮਾਂ /ਰਛਪਾਲ ਸਿੰਘ ਰੈਸਲ 14
ਮੇਰਾ ਸਕੂਲ /ਮਹਿੰਗਾ ਸਿੰਘ ਕਲਸੀ 15
ਬੋਲਾਂ ਦੀ ਮਿਠਾਸ /ਰਘੁਵੀਰ ਸਿੰਘ ਕਲੋਆ 16
ਮੇਲੇ ਦਾ ਦ੍ਰਿਸ਼ /ਪਰਦੀਪ ਸਿੰਘ ਮੌਜੀ 17
ਹੰਸਾਂ ਦਾ ਬਸੇਰਾ /ਤਰਸੇਮ 18
ਅਕਲਮੰਦੀ /ਸੁਰਜੀਤ ਦੇਵਲ 19
ਬੰਟੀ ਦਾ ਜੋਕਰ /ਹਰਜੀਤ ਸਿੰਘ 20
ਬੱਦਲ /ਸਤਪਾਲ ਕੌਰ 24
ਸਿਆਣੀ /ਮਹਿੰਦਰ ਸਿੰਘ ਕੈਂਥ 25
ਨਿੱਕੀ ਜਿਹੀ ਹਾਵਰੋਸ਼ੇਚਕਾ /ਕਰਨਜੀਤ ਸਿੰਘ 26
ਚੰਦਨ /ਜੋਗਿੰਦਰ ਕੌਰ ਅਗਨੀਹੋਤਰੀ 29
ਪਾਣੀ /ਬਿਸ਼ੰਭਰ ਅਵਾਂਖੀਆ 31

ਸੰਪਾਦਕੀ: ਦਰਸ਼ਨ ਸਿੰਘ ਬਨੂੜ



# “ਮਿੱਤਰਤਾ ਵਾਲੀ ਗਲਵੱਕੜੀ”

ਪਿਆਰੇ ਨਿੱਕੇ ਦੋਸਤੋ

ਦੁਨੀਆ ਭਰ ਵਿੱਚ 30 ਜੁਲਾਈ ਨੂੰ ਮਿੱਤਰਤਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਸਾਰੇ ਦੇਸ ਆਪੋ ਆਪਣੇ ਗਵਾਂਢੀ ਦੇਸਾਂ ਨਾਲ਼ ਆਪਣੇ ਵਧੀਆ ਸੰਬੰਧ ਬਨਾਉਣ ਲਈ ਇੱਕ ਦੂਜੇ ਨੂੰ ਵਧਾਈ ਸੰਦੇਸ਼ ਭੇਜਦੇ ਹਨ। ਜੇਕਰ ਸਾਡੇ ਆਪਣੇ ਦੋਸਤਾਂ, ਮਿੱਤਰਾਂ ਅਤੇ ਗਵਾਂਢੀਆਂ ਨਾਲ ਵਧੀਆ ਸੰਬੰਧ ਹੋਣਗੇ ਤਾਂ ਸਾਡੀ ਮਿੱਤਰਤਾ ਅਤੇ ਦੋਸਤੀ ਕਾਰਨ ਸਾਡੇ ਰਿਸ਼ਤਿਆਂ ਵਿੱਚ ਮਿਠਾਸ ਹੋਰ ਵੀ ਗੂੜ੍ਹੀ ਹੋਵੇਗੀ।

ਨਿੱਕੜਿਓ! ਬਚਪਨ ਤੋਂ ਹੀ ਸਾਨੂੰ ਆਪਣੇ ਦੋਸਤ, ਮਿੱਤਰ ਵਧੀਆ ਲੱਗਣ ਲਗ ਪੈਂਦੇ ਹਨ। ਅਸੀਂ ਆਪਣੇ ਦੋਸਤਾਂ ਮਿੱਤਰਾਂ ਨਾਲ਼ ਬਚਪਨ ਤੋਂ ਹੀ ਖੇਡਾਂ-ਖੇਡਣੀਆਂ ਸ਼ੁਰੂ ਕਰ ਦਿੰਦੇ ਹਾਂ। ਹੌਲੀ-ਹੌਲੀ ਉਹਨਾਂ ਟੋਲੀਆਂ ਚੋਂ ਹੀ ਕੁਝ ਕੁ ਦੋਸਤ ਸਾਡੇ ਲਈ ਖ਼ਾਸ ਹੋ ਜਾਂਦੇ ਹਨ। ਕਈ ਵਾਰ ਤਾਂ ਇਹ ਮਿੱਤਰਤਾ ਏਨੀ ਗੂੜ੍ਹੀ ਹੋ ਜਾਂਦੀ ਹੈ ਕਿ ਸਕੂਲ ਪੱਧਰ ਤੋਂ ਲੈ ਕੇ ਕਾਲਜ ਤੱਕ ਵੀ ਨਿਭਦੀ ਦੇਖੀ ਜਾਂਦੀ ਹੈ।

ਜਦੋਂ ਵੀ ਕਿੱਧਰੇ ਇੱਕੋ ਜਿਹੀ ਵਿਚਾਰਧਾਰਾ ਵਾਲ਼ੇ ਦੋ ਅਣਜਾਣ ਵਿਅਕਤੀ ਮਿਲਦੇ ਹਨ, ਹੌਲੀ-ਹੌਲੀ ਉਹਨਾਂ ਦੀਆਂ ਆਦਤਾਂ ਅਤੇ ਰੁਚੀਆਂ ਮੇਲ ਖਾਣ ਲਗਦੀਆਂ ਹਨ ਤਾਂ ਉਨ੍ਹਾਂ ਵਿਚਕਾਰ ਹੌਲ਼ੀ-ਹੌਲ਼ੀ ਗੂੜ੍ਹੀ ਦੋਸਤੀ ਹੋਣ ਲਗਦੀ ਹੈ। ਉਹ ਮਿੱਤਰਤਾ ਹੋਰ ਵੀ ਵਧੇਰੇ ਪਕੇਰੀ ਹੁੰਦੀ ਹੈ, ਜੋ ਨਿਰਸਵਾਰਥ ਭਾਵਨਾ ਨਾਲ਼ ਨਿਭਾਈ ਜਾਵੇ। ਦੋਸਤੀ ਵਿੱਚ ਸਵਾਰਥ ਨਹੀਂ ਹੋਣਾ ਚਾਹੀਦਾ। ਕਿਸੇ ਸਵਾਰਥ ਜਾਂ ਲਾਲਚ ਵਸ ਕੀਤੀ ਗਈ ਮਿੱਤਰਤਾ ਦਾ ਕੋਈ ਆਧਾਰ ਨਹੀਂ ਹੁੰਦਾ। ਕਿਸੇ ਨਾ ਕਿਸੇ ਮੋੜ ’ਤੇ ਆ ਕੇ ਉਹ ਦੋਸਤੀ ਖ਼ਤਮ ਹੋ ਜਾਂਦੀ ਹੈ।

ਸਾਡੇ ਸਮਾਜ ਵਿੱਚ ਬਹੁਤ ਸਾਰੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ, ਜੋ ਮਿੱਤਰਤਾ ਲਈ ਇੱਕ ਮਿਸਲ ਸਾਬਤ ਹੁੰਦੀਆਂ ਹਨ। ਸਾਡੇ ਫ਼ੁੱਫ਼ੜ ਜੋ ਫ਼ੌਜ ਚੋਂ ਕੈਪਟਨ ਸੇਵਾ ਮੁਕਤ ਹੋਏ ਹਨ, ਉਹ ਆਪਣੇ ਮਿੱਤਰ ਦੀ ਕਹਾਣੀ ਬੜੇ ਮਾਣ ਨਾਲ ਸੁਣਾਉਂਦੇ ਹੋਏ ਦੱਸਦੇ ਹਨ ਕਿ ਅਸੀਂ ਦੋ ਦੋਸਤ ਸਕੂਲ ਕਾਲਜ ਦੀ ਪੜ੍ਹਾਈ ਕਰਦੇ ਹੋਏ ਇਕੱਠੇ ਹੀ ਫ਼ੌਜ ’ਚ ਭਰਤੀ ਹੋਏ, ਇਕੱਠੇ ਹੀ ਸੇਵਾ ਮੁਕਤ ਹੋਏ, ਇੱਥੋਂ ਤੱਕ ਕਿ ਉਹਨਾਂ ਨੇ ਆਪਣੀ ਮਿੱਤਰਤਾ ਨੂੰ ਹੋਰ ਗੂੜ੍ਹਾ ਕਰਨ ਲਈ ਆਪਣੇ ਧੀ, ਪੁੱਤਰ ਦੇ ਵਿਆਹ ਵੀ ਆਪਸ ’ਚ ਕਰਕੇ ਗੂੜ੍ਹੀ ਮਿੱਤਰਤਾ ਨੂੰ ਰਿਸ਼ਤੇਦਾਰੀ ਵਿੱਚ ਵੀ ਬਦਲਿਆ ਹੋਇਆ ਹੈ।

ਨਿੱਕੜਿਓ! ਹੋਰ ਵੀ ਬਹੁਤ ਸਾਰੀਆਂ ਉਦਾਹਰਨਾਂ ਹਨ, ਜਿਵੇਂ ਇਮਰਾਨ ਖ਼ਾਨ ਜੋ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੀ ਰਹੇ ਅਤੇ ਨਵਜੋਤ ਸਿੰਘ ਸਿੱਧੂ ਉਨ੍ਹਾਂ ਦੀ ਗੂੜ੍ਹੀ ਮਿੱਤਰਤਾ ਕਾਰਨ ਦੋਵੇਂ ਦੇਸਾਂ ਵਿੱਚ ਆਪਸੀ ਸੰਬੰਧ ਮਿੱਤਰਤਾ ਪੂਰਵਕ ਬਣੇ। ਜੇਕਰ ਅੱਜ ਅਸੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕਰ ਰਹੇ ਹਾਂ ਇਹ ਵੀ ਤਾਂ ਗੂੜ੍ਹੀ ਦੋਸਤੀ ਅਤੇ ਮਿੱਤਰਤਾ ਸਦਕਾ ਹੀ ਸੰਭਵ ਹੋਇਆ ਹੈ।

ਪਿਆਰੇ ਦੋਸਤੋ, ਜ਼ਿੰਦਗੀ ਵਿੱਚ ਕੁਝ ਅਜਿਹੇ ਦੋਸਤ ਮਿੱਤਰ ਜ਼ਰੂਰੀ ਹਨ ਜੋ ਦੁੱਖ-ਸੁੱਖ ਵਿੱਚ ਤੁਹਾਡੇ ਮੋਢੇ ਨਾਲ਼ ਮੋਢਾ ਜੋੜ ਕੇ ਤੁਹਾਡੇ ਨਾਲ਼ ਖੜ੍ਹੇ ਹੋਣ। ਦੋਸਤਾਂ ਦੀ ਭੀੜ ਇੱਕਠੀ ਕਰਨ ਨਾਲੋਂ ਭਾਵੇਂ ਚੰਦ ਦੋਸਤ ਹੀ ਹੋਣ, ਐਪਰ ਹੋਣ ਇਹੋ ਜਿਹੇ ਜੋ ਸੱਚੇ-ਸੁੱਚੇ ਕਿਰਦਾਰ ਵਾਲ਼ੇ ਅਤੇ ਬਿਨ੍ਹਾਂ ਕਿਸੇ ਦੇ ਸੁਆਰਥ ਤੁਹਾਡੇ ਨਾਲ ਤੁਰਦੇ ਹੋਣ।

ਸੋ, ਆਓ ਫੇਰ ਅੱਜ ਅੰਤਰਰਾਸ਼ਟਰੀ ਮਿੱਤਰਤਾ ਦਿਵਸ ਮੌਕੇ ਆਪਾਂ ਵੀ ਆਪਣੇ ਲਈ ਵਧੀਆ ਦੋਸਤ ਮਿੱਤਰਾਂ ਦੀ ਚੋਣ ਕਰੀਏ। ਮਿੱਤਰਤਾ ਗੂੜ੍ਹੀ ਕਰੀਏ। ਦੋਸਤੀ ਨਿਭਾਉਣ ਦੀ ਜਾਂਚ ਸਿੱਖੀਏ ਅਤੇ ਸਿਖਾਈਏ। ਆਪਣੀ ਦੋਸਤੀ ਦੇ ਲਈ ਮਿਸਾਲ ਬਣੀਏ ਅਤੇ ਬਚਪਨ ਵਾਲ਼ੇ ਆੜੀਆਂ ’ਚੋਂ ਵਧੀਆ ਮਿੱਤਰਤਾ ਨਿਭਾਉਣ ਵਾਲ਼ੇ ਮਿੱਤਰਾਂ ਨੂੰ ਯਾਦ ਕਰਕੇ ਉਨ੍ਹਾਂ ਨੂੰ ਮਿੱਤਰਤਾ ਦਿਵਸ ਮੌਕੇ ਵਧਾਈ ਸੰਦੇਸ਼ ਭੇਜੀਏ।

ਆਮੀਨ!



# ਇਕੱਠੇ ਪੜ੍ਹਦੇ-ਪੜ੍ਹਦੇ

ਇਕੱਠੇ ਪੜ੍ਹਦੇ-ਪੜ੍ਹਦੇ, ਝੱਟ ਲੜ ਪੈਂਦੇ ਸਾਂ।
ਖੇਡਦੇ, ਘੂਰੀਆਂ ਵੱਟਦੇ, ਵਾਰੀਆਂ ਲੈਂਦੇ ਸਾਂ।

ਇੱਕ ਦੂਜੇ ਤੋਂ ਬਿਨ੍ਹਾ ਵੀ, ਜੀ ਨਾ ਲੱਗਦਾ ਸੀ,
ਦਿਲ ਦਾ ਦੀਵਾ ਯਾਰ ਬਿਨ੍ਹਾ, ਨਾ ਜਗਦਾ ਸੀ,
ਲੜ-ਭਿੜ ਕੇ ਖੇਡਣ ਲਈ ਮੁੜ ਬਹਿੰਦੇ ਸਾਂ।
ਇਕੱਠੇ ਪੜ੍ਹਦੇ-ਪੜ੍ਹਦੇ, ਝੱਟ ਲੜ ਪੈਂਦੇ ਸਾਂ।

ਬੋਲ ਪੈਣਾ ਤਾਂ ਪੱਕੀ, ਨਹੀਂ ਤਾਂ ਕੱਚੀ ਬਈ,
ਕਿਸੇ ਦੀ ਕਦੇ ਨਾ ਸਹਿਣੀ, ਗੱਲ ਵੀ ਸੱਚੀ ਬਈ,
ਗਪੌੜੀ, ਝੂਠਾ ਇੱਕ ਦੂਜੇ ਨੂੰ, ਕਹਿੰਦੇ ਸਾਂ।
ਇਕੱਠੇ ਪੜ੍ਹਦੇ-ਪੜ੍ਹਦੇ, ਝੱਟ ਲੜ ਪੈਂਦੇ ਸਾਂ।

ਲੜ ਪੈਂਦੇ ਸਾਂ ਜੱਫ਼ੀਆਂ, ਕੱਲ੍ਹ ਨੂੰ ਪਾਉਂਦੇ ਸਾਂ,
ਆਪੇ ਖੇਡਣ ਲੱਗਦੇ, ਹੱਸ ਬੁਲਾਉਂਦੇ ਸਾਂ,
ਇਹੋ ਜਿਹੇ ਕਈ ਰੋਸਿਆਂ ਦੇ ਵਿੱਚ ਰਹਿੰਦੇ ਸਾਂ।
ਇਕੱਠੇ ਪੜ੍ਹਦੇ-ਪੜ੍ਹਦੇ, ਝੱਟ ਲੜ ਪੈਂਦੇ ਸਾਂ।

ਕੱਲ੍ਹ ਸਕੂਲੇ ਦੱਸ, ਕਿਉਂ ਨਾ ਆਇਆ ਤੂੰ?
ਕਿੱਥੇ ਬੈਠ ਕੇ ਸਾਰਾ ਦਿਨ, ਬਿਤਾਇਆ ਤੂੰ,
ਇਸ ਤਰ੍ਹਾਂ ਦੀਆਂ ਗੱਲਾਂ ਕਰਦੇ, ਰਹਿੰਦੇ ਸਾਂ।
ਇਕੱਠੇ ਪੜ੍ਹਦੇ-ਪੜ੍ਹਦੇ, ਝੱਟ ਲੜ ਪੈਂਦੇ ਸਾਂ।

ਲੜਦੇ, ਪੜ੍ਹਦੇ, ਖੇਡਦੇ, ਸਮਾਂ ਲੰਘਾ ਦਿੰਦੇ,
ਆਪਣੀ ਗ਼ਲਤੀ ਦੂਜੇ ਦੇ ਗਲ਼ ਪਾ ਦਿੰਦੇ,
ਪਿਆਰ ਵੀ ਸੀਗਾ ਪੂਰਾ, ਐਵੇਂ ਖਹਿੰਦੇ ਸਾਂ।
ਇਕੱਠੇ ਪੜ੍ਹਦੇ-ਪੜ੍ਹਦੇ, ਝੱਟ ਲੜ ਪੈਂਦੇ ਸਾਂ।



ਆਤਮਾ ਸਿੰਘ ਚਿੱਟੀ
62805-01387

# ਪੁੱਤਾਂ-ਧੀਆਂ ਵਿੱਚ ਫ਼ਰਕ ਨਾ ਕੋਈ

ਲੋਈ: ਧੀ ਵੀ ਤਾਂ ਦਾਤ ਰੱਬ ਦੀ,
ਪੁੱਤਾਂ ਧੀਆਂ ਵਿੱਚ ਫ਼ਰਕ ਨਾ ਕੋਈ।

ਡੋਰੀ: ਹੋਇਆ ਕੀ ਜੇ ਧੀ ਜੰਮ ਪਈ!
ਇਹਨੂੰ ਦਿਓ ਜੀ ਪਿਆਰ ਵਾਲ਼ੀ ਲੋਰੀ।

ਮੱਖਣਾ: ਮਾਪਿਆਂ ਦਾ ਸਾਰੀ ਉਮਰਾਂ,
ਇਨ੍ਹਾਂ ਧੀਆਂ ਨੇ ਖ਼ਿਆਲ ਪੂਰਾ ਰੱਖਣਾ।

ਤਾਰੇ: ਧੀਆਂ ਵੀ ਤਾਂ ਦੇਖ ਅੰਮੀਏ,
ਮਹਿਕਾਂ ਵੰਡਦੀਆਂ ਜੱਗ ਵਿੱਚ ਸਾਰੇ।

ਤਾਣਾ: ਤੇਰੀ ਇਸ ਲਾਡੋ ਧੀ ਨੇ,
ਦੇਖੀਂ ਪੜ੍ਹਨ ਸਕੂਲੇ ਜਾਣਾ।

ਪਾਣੀ: ਧੀ ਤੇਰੀ ਪੜ੍ਹ-ਲਿਖ ਕੇ,
ਬਣੂ ਸਭ ਨਾਲ਼ੋਂ ਸੁੱਘੜ-ਸਿਆਣੀ।

ਭੌਣੀ: ਸ਼ਾਨ ਇਹਨੇ ਮਾਪਿਆਂ ਦੀ,
ਦੂਰ-ਦੂਰ ਤਾਈਂ ਹੈ ਚਮਕਾਉਣੀ।

ਆਰੀ: ਵੱਡੀ ਹੋ ਕੇ ਮੈਂ ਅੰਮੀਏ,
ਕਰੂੰ ਦੋਹੀਂ ਘਰੀਂ ਸਰਦਾਰੀ।

ਗਾਓ: ਸਾਡੇ ਜੰਮਣ ’ਤੇ ਲੋਹੜੀ ਪਾਇਓ,
ਸਾਡੀ ਵੀ ਖ਼ੁਸ਼ੀ ਮਨਾਇਓ।

ਖ਼ਾਰੇ: ਧੀਆਂ ਦੇ ਵੀ ਸੁਣ ਅੰਮੀਏ,
ਆਪੇ ਰੱਬ ਸਦਾ ਕਾਜ ਸਵਾਰੇ।

ਐਲਾਨ: ਧੀਆਂ ਦੇ ਤਾਂ ਸੁੱਖ ਬਹੁਤੇ ਨੇ,
ਆਤਮਾ ਸਿੰਘ ਚਿੱਟੀ ਕਰਦਾ ਬਿਆਨ।

ਹਰਿੰਦਰ ਸਿੰਘ ਗੋਗਨਾ
98723-25960



# ਘਮੰਡ ਦਾ ਦੰਡ

ਬਸੰਤ ਰੁੱਤ ਤੋਂ ਬਾਅਦ ਹਰ ਪਾਸੇ ਹਰਿਆਲ਼ੀ ਪੈਰ ਪਸਾਰ ਚੁੱਕੀ ਸੀ। ਜਿੰਮੀ ਘੋੜਾ ਹਰੀ-ਹਰੀ ਘਾਹ ਖਾ ਰਿਹਾ ਸੀ। ਤਦੇ ਉਸ ਕੋਲ਼ ਗੋਲੂ ਗਧਾ ਆਇਆ ਤੇ ਹਾਲ-ਚਾਲ ਪੁੱਛਣ ਲੱਗਾ। ਜਿੰਮੀ ਤੇ ਗੋਲੂ ਦੋਵੇਂ ਦੋਸਤ ਸਨ।

ਗੋਲੂ ਨੂੰ ਅੱਜ ਕੁਝ ਉਦਾਸ ਵੇਖ ਕੇ ਜਿੰਮੀ ਨੇ ਉਸ ਨੂੰ ਪੁੱਛਿਆ, "ਕੀ ਗੱਲ ਏ, ਅੱਜ ਕੁਝ ਉਦਾਸ ਲੱਗ ਰਿਹਾ ਹੈਂ?"

"ਨਹੀਂ ਅਜਿਹੀ ਤਾਂ ਕੋਈ ਗੱਲ ਨਹੀਂ..." ਗੋਲੂ ਨੇ ਜਿਵੇਂ ਆਪਣੀ ਉਦਾਸੀ ਛੁਪਾਉਂਦੇ ਕਿਹਾ।

"ਨਹੀਂ ਗੱਲ ਤਾਂ ਜ਼ਰੂਰ ਕੋਈ ਹੈ, ਨਹੀਂ ਤਾਂ ਮੇਰਾ ਦੋਸਤ ਇੰਞ ਖ਼ਾਮੋਸ਼ ਹੋਵੇ। ਤੂੰ ਤਾਂ ਦੁਲੱਤੀਆਂ ਮਾਰ ਮਾਰ ਢੇਂਚੂ-ਢੇਂਚੂ ਕਰਦਾ ਨਹੀਂ ਥੱਕਦਾ। ਅੱਜ ਤੇਰੇ ਜੋਸ਼ ਤੇ ਉਮੰਗ ਨੂੰ ਕੀ ਹੋ ਗਿਆ? ਗੱਲ ਤਾਂ ਕੋਈ ਹੈ। ਜੇਕਰ ਨਹੀਂ ਦੱਸਣਾ ਚਾਹੁੰਦਾ ਤਾਂ ਨਾ ਦੱਸ। ਮੈਂ ਸਮਝਾਂਗਾ ਕਿ ਸਾਡੀ ਦੋਸਤੀ ਵਿੱਚ ਛੁਪਾਉਣ ਲਈ ਵੀ ਕੁਝ ਹੈ। "

ਜਿੰਮੀ ਦੀ ਨਾਰਾਜ਼ਗੀ ਭਰੀ ਗੱਲ ਸੁਣ ਕੇ ਗੋਲੂ ਨੂੰ ਮਨ ਦੀ ਗੱਲ ਦੱਸਣੀ ਹੀ ਪਈ। ਆਖਣ ਲੱਗਾ, "ਯਾਰ, ਦਰਅਸਲ ਮੈਂ ਸੋਚ ਰਿਹਾ ਸੀ ਕਿ ਕਾਸ਼ ਮੈਂ ਵੀ ਤੇਰੇ ਵਾਂਗ ਹੀ ਵੱਡੇ ਸਰੀਰ ਵਾਲ਼ਾ ਤੇ ਤੇਜ਼ ਦੌੜਨ ਵਾਲ਼ਾ ਜਾਨਵਰ ਹੁੰਦਾ। ਮੈਨੂੰ ਵੀ ਆਪਣੀ ਤਾਕਤ ਤੇ ਫੁਰਤੀਲੇਪਣ 'ਤੇ ਫ਼ਖ਼ਰ ਹੁੰਦਾ। "

"ਬਸ ਇੰਨੀ ਕੁ ਪ੍ਰੇਸ਼ਾਨੀ। ਇਸ ਵਿੱਚ ਛੁਪਾਉਣ ਵਾਲ਼ੀ ਕਿਹੜੀ ਗੱਲ ਸੀ? ਇਸ ਲਈ ਤੈਨੂੰ ਥੋੜ੍ਹੀ ਮਿਹਨਤ ਕਰਨੀ ਪਵੇਗੀ। ਰੋਜ਼ਾਨਾ ਕੁਝ ਦੂਰ ਤੱਕ ਦੌੜਨਾ ਪਵੇਗਾ ਤੇ ਜਿਹੜੀਆਂ ਜੜ੍ਹੀਆਂ ਬੂਟੀਆਂ ਦਾ ਸੇਵਨ ਮੈਂ ਕਰਦਾ ਹਾਂ ਨਿਯਮ ਨਾਲ਼ ਕਰਨਾ ਹੋਵੇਗਾ। ਬੇਫ਼ਜ਼ੂਲ ਦਾ ਭੋਜਨ ਛੱਡਣਾ ਪਵੇਗਾ। ਫਿਰ ਵੇਖੀਂ ਤੇਰਾ ਆਕਾਰ ਵੀ ਵਧੇਗਾ ਤੇ ਰਫ਼ਤਾਰ ਵੀ।" ਜਿੰਮੀ ਨੇ ਮੁਸਕਰਾ ਕੇ ਗੋਲੂ ਨੂੰ ਆਖਿਆ ਤਾਂ ਉਸ ਦੇ ਮੁਰਝਾਏ ਚਿਹਰੇ 'ਤੇ ਰੌਣਕ ਪਰਤ ਆਈ। ਉਹ ਇੱਕਦਮ ਬੋਲਿਆ, "ਸੱਚ ਇੰਞ ਹੋ ਸਕਦੈ? ਫਿਰ ਤਾਂ ਮੈਂ ਜੋ ਆਖੇਂਗਾ ਕਰਾਂਗਾ। "

ਹੁਣ ਜਿੰਮੀ ਰੋਜ਼ਾਨਾ ਗੋਲੂ ਨੂੰ ਲੈ ਕੇ ਪੂਰੇ ਜੰਗਲ ਦਾ ਚੱਕਰ ਲਗਵਾਉਂਦਾ ਤੇ ਫਿਰ ਉਸ ਨੂੰ ਉਹੋ ਜੜੀਆਂ ਬੂਟੀਆਂ ਲੱਭ ਕੇ ਦੇਣ ਲੱਗਾ ਜਿਸ ਨੂੰ ਖਾ ਕੇ ਉਹ ਇੰਨਾ ਤਕੜਾ ਬਣਿਆ ਸੀ। ਹੌਲ਼ੀ-ਹੌਲ਼ੀ ਗੋਲੂ ਦੀ ਸਿਹਤ ਵਿੱਚ ਨਿਖ਼ਾਰ ਆਉਣ ਲੱਗਾ। ਉਸ ਦਾ ਕੱਦ ਵਧਣ ਲੱਗਾ। ਇਹ ਵੇਖ ਉਸ ਦੇ ਪੈਰ ਜ਼ਮੀਨ 'ਤੇ ਨਹੀਂ ਸਨ ਲੱਗ ਰਹੇ, ਪਰ ਇਸ ਦੌਰਾਨ ਉਸ ਵਿੱਚ ਘਮੰਡ ਵੀ ਆ

ਰਿਹਾ ਸੀ। ਉਸ ਨੂੰ ਲੱਗਣ ਲੱਗਾ ਕਿ ਉਹ ਇੱਕ ਦਿਨ ਜਿੰਮੀ ਤੋਂ ਵੀ ਜ਼ਿਆਦਾ ਸ਼ਕਤੀਸ਼ਾਲੀ ਤੇ ਤੇਜ਼ ਦੌੜਨ ਵਾਲ਼ਾ ਜਾਨਵਰ ਬਣ ਜਾਵੇਗਾ। ਫਿਰ ਤਾਂ ਜੰਗਲ ਦੇ ਸਭ ਜਾਨਵਰ ਵੀ ਉਸ ਕੋਲ਼ੋਂ ਡਰਨਗੇ। ਹੁਣ ਤਾਂ ਉਹ ਨਿੱਕੇ ਮੋਟੇ ਜਾਨਵਰਾਂ ਨੂੰ ਕੁਝ ਵੀ ਨਹੀਂ ਸਮਝਦਾ ਸੀ। ਛੋਟੇ ਜਾਨਵਰਾਂ ਨੂੰ ਦੁਲੱਤੀ ਮਾਰ ਪਰ੍ਹਾਂ ਸੁੱਟਣ ਵਿੱਚ ਉਸ ਨੂੰ ਮਜ਼ਾ ਆਉਣ ਲੱਗਾ।

ਉਸ ਦੀਆਂ ਇਨ੍ਹਾਂ ਹਰਕਤਾਂ ਦੀ ਭਿਣਕ ਜਿੰਮੀ ਨੂੰ ਵੀ ਪਈ। ਉਸ ਨੂੰ ਇਹ ਸੁਣ ਕੇ ਬੜਾ ਦੁੱਖ ਆਇਆ ਕਿ ਗੋਲੂ ਵਿੱਚ ਹੰਕਾਰ ਦੀ ਭਾਵਨਾ ਪੈਦਾ ਹੋ ਚੁੱਕੀ ਹੈ। ਫਿਰ ਇੱਕ ਦਿਨ ਜਦੋਂ ਗੋਲੂ ਆਪਣੀ ਤਾਕਤ ਦੇ ਨਸ਼ੇ ਵਿੱਚ ਚੂਰ ਇੱਕ ਜਾਨਵਰ ਨੂੰ ਦੁਲੱਤੀਆਂ ਮਾਰ ਆਪਣੀ ਕੋਈ ਗੱਲ ਮੰਨਵਾ ਰਿਹਾ ਸੀ ਤਾਂ ਇੱਕ ਰੁੱਖ਼ 'ਤੇ ਬੈਠੇ ਬੱਲੂ ਬਾਂਦਰ ਨੇ ਗੋਲੂ ਨੂੰ ਕਿਹਾ, "ਗੋਲੂ, ਅੱਜ ਕੱਲ੍ਹ ਤੇਰੀ ਸਿਹਤ ਦਾ ਕੀ ਰਾਜ ਹੈ? ਕਾਫ਼ੀ ਤਾਕਤ ਆ ਗਈ ਤੇਰੇ ਵਿੱਚ। ਜ਼ਰਾ ਮੈਨੂੰ ਵੀ ਤਾਂ ਦੱਸੋ ਇਸ ਤੰਦਰੁਸਤੀ ਦਾ ਭੇਤ?"

"ਇਹ ਸਭ ਮੇਰੀ ਮਿਹਨਤ ਦਾ ਫ਼ਲ ਹੈ। ਹਰ ਰੋਜ਼ ਕਸਰਤ ਕਰਦਾ ਹਾਂ ਤੇ ਤਾਜੀਆਂ ਜੜ੍ਹੀਆਂ-ਬੂਟੀਆਂ ਖਾਂਦਾ ਹਾਂ।" ਗੋਲੂ ਨੇ ਉੱਪਰ ਵੱਲ ਨਜ਼ਰ ਮਾਰਦੇ ਕਿਹਾ।

"ਪਰ ਮੈਂ ਤਾਂ ਸੁਣਿਆ ਹੈ ਇਸ ਵਿੱਚ ਤੇਰੇ ਦੋਸਤ ਜਿੰਮੀ ਦਾ ਯੋਗਦਾਨ ਹੈ। ਤੈਨੂੰ ਜੋ ਖ਼ੁਰਾਕ ਮਿਲਦੀ ਹੈ, ਉਹ ਵੀ ਜਿੰਮੀ ਆਪਣੇ ਹਿੱਸੇ ਵਿੱਚੋਂ ਦਿੰਦਾ ਹੈ।" ਬੱਲੂ ਬਾਂਦਰ ਨੇ ਵਿਅੰਗ ਨਾਲ਼ ਗੋਲੂ ਨੂੰ ਛੇੜਦਿਆਂ ਕਿਹਾ।

ਬੱਲੂ ਦੀ ਗੱਲ ਸੁਣ ਕੇ ਗੋਲੂ ਦੇ ਹੰਕਾਰ ਨੂੰ ਜਿਵੇਂ ਠੇਸ ਪਹੁੰਚੀ। ਉਸ ਨੇ ਸ਼ੇਖ਼ੀ ਮਾਰਦਿਆਂ ਕਿਹਾ, "ਕੌਣ ਕਹਿੰਦਾ ਏ ਕਿ ਇਹ ਸਭ ਜਿੰਮੀ ਦੀ ਬਦੌਲਤ ਐ। ਇਹ ਮੇਰੀ ਆਪਣੀ ਮਿਹਨਤ ਹੈ ਨਾ ਕਿ ਘੋੜੇ ਦੀ ਮਿਹਰਬਾਨੀ।"

ਬੱਲੂ ਨੇ ਇਹ ਗੱਲ ਜਾਣ ਬੁੱਝ ਕੇ ਆਖੀ ਸੀ, ਕਿਉਂਕਿ ਲਾਗੇ ਹੀ ਝਾੜੀਆਂ ਪਿੱਛੇ ਜਿੰਮੀ ਖੜ੍ਹਾ ਸੀ। ਜਿੰਮੀ ਨੇ ਜਦੋਂ ਇਹ ਗੱਲ ਗੋਲੂ ਦੇ ਮੂੰਹੋਂ ਸੁਣੀ ਤਾਂ ਉਸ ਦੇ ਦਿਲ ਨੂੰ ਡੂੰਘੀ ਸੱਟ ਵੱਜੀ। ਉਹ ਇੱਕਦਮ ਗੋਲੂ ਸਾਹਮਣੇ ਆ ਕੇ ਬੋਲਿਆ, "ਸ਼ਾਬਾਸ਼ ਦੋਸਤ, ਤੂੰ ਮੇਰੀ ਦੋਸਤੀ ਦਾ ਚੰਗਾ ਸਿਲਾ ਦਿੱਤਾ। ਮੈਨੂੰ ਤੈਥੋਂ ਇਹ ਆਸ ਭੋਰਾ ਵੀ ਨਹੀਂ ਸੀ। "


ਆਪਣੇ ਸਾਹਮਣੇ ਅਚਾਨਕ ਜਿੰਮੀ ਨੂੰ ਵੇਖ ਕੇ ਗੋਲੂ ਦੇ ਹੋਸ਼ ਉੱਡ ਗਏ। ਉਹ ਘਬਰਾ ਕੇ ਬੋਲਿਆ, "ਮੈਂ ਤਾਂ ਬਸ ਐਵੇਂ ਈ ਕਹਿ ਰਿਹਾ ਸੀ...ਦੋਸਤ। "

"ਬਸ-ਬਸ ਢਕਿਆ ਰਹਿ। ਹੁਣ ਸਫ਼ਾਈ ਨਾ ਦੇ ਮੈਨੂੰ। ਤੇਰੀਆਂ ਹਰਕਤਾਂ ਦਾ ਤਾਂ ਮੈਨੂੰ ਪਹਿਲਾਂ ਹੀ ਪਤਾ ਲੱਗ ਚੁੱਕਿਆ ਸੀ। ਅੱਜ ਆਪਣੇ ਕੰਨੀਂ ਇਹ ਵੀ ਸੁਣ ਲਿਆ ਕਿ ਤੇਰੇ ਮਨ ਵਿੱਚ ਮੇਰੀ ਕਿੰਨੀ ਕੁ ਇੱਜ਼ਤ



ਹੈ। ਅੱਜ ਤੋਂ ਬਾਅਦ ਆਪਣਾ ਸਾਥ ਖ਼ਤਮ ਤੇ ਤੇਰੀ ਖ਼ੁਰਾਕ ਵੀ।"

ਗੋਲੂ ਜਿੰਮੀ ਨੂੰ ਗੁੱਸੇ ਵਿੱਚ ਜਾਂਦਾ ਵੇਖਦਾ ਹੀ ਰਹਿ ਗਿਆ। ਉਹ ਆਪਣੀ ਗ਼ਲਤੀ 'ਤੇ ਮਨ ਹੀ ਮਨ ਪਛਤਾ ਰਿਹਾ ਸੀ, ਪਰ ਹੁਣ ਕੀ ਹੋ ਸਕਦਾ ਸੀ? ਖ਼ੁਰਾਕ ਬੰਦ ਹੋਣ ਨਾਲ਼ ਉਸ ਦਾ ਆਕਾਰ ਵੀ ਵਧਣੋ ਹਟ ਗਿਆ ਤੇ ਆਧੁਨਿਕ ਆਕਾਰ ਜਿੰਨਾ ਹੀ ਰਹਿ ਗਿਆ। ਇਹ ਸਭ ਉਸ ਦੇ ਘਮੰਡ ਦਾ ਦੰਡ ਸੀ। ਅੱਜ ਵੀ ਗਧੇ ਦੀ ਸ਼ਕਲ ਇੱਕੋ ਖ਼ੁਰਾਕ ਖਾਣ ਕਾਰਨ ਭਾਵੇਂ ਘੋੜੇ ਨਾਲ਼ ਕਾਫ਼ੀ ਮਿਲਦੀ ਜੁਲਦੀ ਹੈ, ਪਰ ਆਕਾਰ ਤੇ ਤਾਕਤ ਵਿੱਚ ਉਹ ਉਸ ਤੋਂ ਪਿੱਛੇ ਹੈ।



# ਗ਼ਰਮੀ ਤੋਂ ਬਚਿਓ ਭਾਈ

ਗ਼ਰਮੀ ਤੋਂ ਬਚਿਓ ਭਾਈ,
ਇਹਦੇ ਵਿੱਚ ਹੀ ਭਲਾਈ।

ਨਿੰਬੂ ਪਾਣੀ ਰੱਜਕੇ ਪੀਓ,
ਲੰਮੀ ਉਮਰ ਬੱਚਿਓ ਜੀਓ।

ਸਿਖ਼ਰ ਦੁਪਹਿਰੇ ਬਾਹਰ ਨਾ ਜਾਣਾ
ਠੰਢਾ ਸੂਤੀ ਕੱਪੜਾ ਪਾਣਾ।

ਠੰਢੇ-ਠੰਢੇ ਤੁਸੀਂ ਕੰਮ ਮਕਾਓ
ਗ਼ਰਮੀ ਦੇ ਵਿੱਚ ਨਾ ਜਾਓ।

ਧੁੱਪੇ ਤੁਸੀਂ ਬਾਹਰ ਨਾ ਜਾਣਾ,
ਠੰਢਾ-ਠੰਢਾ ਹੀ ਪੀਣਾ ਖਾਣਾ।

ਹੋ ਸਕੇ ਤਾਂ ਅੰਦਰ ਹੀ ਰਹਿਣਾ,
ਜਾਂ ਫਿਰ ਰੁੱਖ਼ ਦੀ ਛਾਵੇਂ ਬਹਿਣਾ।

ਨਿਚੋੜ ਕੇ ਨਿੰਬੂ ਲੂਣ ਪਾਓ,
ਵਿੱਚ ਕਤੀਰਾ ਗੂੰਦ ਮਿਲਾਓ।

ਛੱਤਰੀ ਖੋਲ੍ਹਕੇ ਚਲਣਾ ਭਾਈ,
ਬਾਸਰਕੇ ਵਾਲ਼ੇ ਗੱਲ ਸਮਝਾਈ।

ਲੂ ਵਗੇ ਧਿਆਨ ਨਾਲ਼ ਰਹਿਣਾ,
'ਮਨਮੋਹਨ' ਦਾ ਮੰਨੋ ਕਹਿਣਾ।

ਮਨਮੋਹਨ ਸਿੰਘ ਬਾਸਰਕੇ
99141-6616



# ਦਾਦੀ ਸਰਦਾਰਨੀ ਤੇ ਦਾਦਾ ਸਰਦਾਰ ਨੇ

ਮੰਮੀ ਡੈਡੀ ਨਾਲ਼ੋਂ ਵੱਧ, ਕਰਦੇ ਪਿਆਰ ਨੇ
ਦਾਦੀ ਸਰਦਾਰਨੀ ਤੇ ਦਾਦਾ ਸਰਦਾਰ ਨੇ।

ਇਹਨਾਂ ਕੋਲ਼ ਆਈਏ, ਬੁੱਕਲ 'ਚ ਲੈਂਦੇ ਨੇ,
ਹੀਰੇ ਪੁੱਤ ਸਾਡੇ, ਦਾਦੀ-ਦਾਦਾ ਕਹਿੰਦੇ ਨੇ,
ਕਿਸੇ ਤੇ ਨਾ ਹੋਣ ਦੇਂਦੇ, ਅਤਿਆਚਾਰ ਨੇ।
ਮੰਮੀ ਡੈਡੀ ਨਾਲ਼ੋਂ ਵੱਧ ਕਰਦੇ ਪਿਆਰ ਨੇ।

ਸਕੂਲ ਜਦੋਂ ਜਾਈਏ, ਲਾਡ ਲਡਾਉਂਦੇ ਨੇ,
ਫੜਕੇ ਦਾਦੀ ਬਸਤਾ, ਵੈਨ 'ਤੇ ਚੜਾਉਂਦੇ ਨੇ,
ਮੱਥਾ ਚੁੰਮ ਕਹਿਣ, ਬੱਚੇ ਸਮਝਦਾਰ ਨੇ।
ਮੰਮੀ ਡੈਡੀ ਨਾਲ਼ੋਂ ਵੱਧ ਕਰਦੇ ਪਿਆਰ ਨੇ।

ਮੰਮੀ ਜੇ ਝਿੜਕੇ ਤਾਂ, ਗੁੱਸੇ ਦਾਦੀ ਹੁੰਦੇ ਨੇ,
ਪੁੱਤਾਂ ਨੂੰ ਨਾ ਕੁਝ ਕਹਿਣਾ, ਦਾਦੀ ਕਹਿੰਦੇ ਨੇ,
ਮੰਮੀ ਡੈਡੀ ਮਾਪਿਆਂ ਦਾ, ਕਰਦੇ ਸਤਿਕਾਰ ਨੇ।
ਮੰਮੀ ਡੈਡੀ ਨਾਲ਼ੋਂ ਵੱਧ ਕਰਦੇ ਪਿਆਰ ਨੇ।

ਸਿਹਤ ਸਾਡੀ ਦਾ ਦਾਦੀ, ਰੱਖਦੀ ਖ਼ਿਆਲ ਏ,
ਖਵਾਏ ਉਹ ਪਰੌਂਠੀ, ਦਹੀਂ ਮੱਖਣ ਦੇ ਨਾਲ਼ ਏ,
'ਮਨਮੋਹਨ' ਦਾਦਾ ਜੀ ਦੇ ਉੱਚੇ ਵਿਚਾਰ ਨੇ।
ਮੰਮੀ ਡੈਡੀ ਨਾਲ਼ੋਂ ਵੱਧ ਕਰਦੇ ਪਿਆਰ ਨੇ।

ਕਹਿਣ ਦਾਦੀ ਪੜ੍ਹ ਲਿਖ, ਰੁਤਬੇ ਵੱਡੇ ਪਾਓ,
ਬਾਸਰਕੇ ਗਿੱਲਾਂ ਦੇ ਪਿੰਡ ਦਾ ਨਾਂ ਚਮਕਾਓ,
ਕਹਿਣ ਸਾਡੇ ਪੋਤਰੇ, ਬੜੇ ਬਰਖ਼ੁਰਦਾਰ ਨੇ।
ਮੰਮੀ ਡੈਡੀ ਨਾਲ਼ੋਂ ਵੱਧ ਕਰਦੇ ਪਿਆਰ ਨੇ।

ਜੋਗਿੰਦਰ ਕੌਰ ਅਗਨੀਹੋਤਰੀ
94178-40323



# ਸਚਿਨ ਦੀ ਗ਼ਲਤੀ

ਵਰਿੰਦਰ ਤੇ ਸਚਿਨ ਦੋਵੇਂ ਹੀ ਅੱਠਵੀਂ ਜਮਾਤ ਦੇ ਵਿਦਿਆਰਥੀ ਸਨ। ਉਹ ਦੋਵੇਂ ਹੀ ਪਿੰਡ ਦੇ ਸਰਕਾਰੀ ਸਕੂਲ ਵਿੱਚ ਪੜ੍ਹਦੇ ਸਨ। ਦੋਵਾਂ ਦੇ ਘਰ ਆਹਮੋ-ਸਾਹਮਣੇ ਸਨ ਜਿਸ ਕਰਕੇ ਉਹ ਇਕੱਠੇ ਖੇਡਦੇ ਤੇ ਸਕੂਲ ਦਾ ਕੰਮ ਕਰਦੇ। ਸਵੇਰੇ ਤਿਆਰ ਹੋ ਕੇ ਇਕੱਠੇ ਹੀ ਸਕੂਲ ਜਾਂਦੇ। ਵਰਿੰਦਰ ਆਪਣੇ ਭੈਣ-ਭਰਾਵਾਂ ਵਿੱਚੋਂ ਵੱਡਾ ਸੀ। ਉਸਤੋਂ ਛੋਟੀ ਉਸਦੀ ਭੈਣ ਤੇ ਉਸਤੋਂ ਛੋਟਾ ਉਸਦਾ ਭਰਾ। ਵਰਿੰਦਰ ਦਾ ਪਿਤਾ ਇੱਕ ਦਿਹਾੜੀਦਾਰ ਕਾਮਾ ਸੀ ਜੋ ਦਿਹਾੜੀ ਕਰਕੇ ਆਪਣੇ ਪਰਿਵਾਰ ਨੂੰ ਪਾਲ਼ਦਾ ਸੀ ਤੇ ਸਚਿਨ ਦਾ ਪਿਤਾ ਪਿੰਡ ਦੇ ਜ਼ਿਮੀਂਦਾਰ ਨਾਲ਼ ਨੌਕਰ ਸੀ। ਦੋਵੇਂ ਹੀ ਗਰੀਬ ਪਰਿਵਾਰਾਂ ਨਾਲ਼ ਸਬੰਧ ਰੱਖਦੇ ਸਨ। ਉਹ ਸਕੂਲ ਵਿੱਚ ਪੜ੍ਹਨ ਤੋਂ ਇਲਾਵਾ ਘਰ ਦੇ ਕੰਮ ਵੀ ਕਰਦੇ। ਉਹ ਸਕੂਲੋਂ ਆ ਕੇ ਸਕੂਲ ਦਾ ਕੰਮ ਮੁਕਾਉਣ ਤੋਂ ਬਾਅਦ ਸ਼ਾਮ ਨੂੰ ਮੱਝਾਂ ਗਾਵਾਂ ਲਈ ਕੱਖ ਪੱਠਾ ਵੀ ਲੈਣ ਜਾਂਦੇ

ਇੱਕ ਦਿਨ ਵਰਿੰਦਰ ਦਾ ਪਿਤਾ ਕੰਮ ਤੇ ਗਿਆ ਹੋਇਆ ਸੀ ਤਾਂ ਉੱਥੇ ਉਸਦੇ ਸੱਟ ਲੱਗ ਗਈ ਤੇ ਉਸਦੀ ਲੱਤ ਟੁੱਟ ਗਈ। ਉਸਨੂੰ ਹਸਪਤਾਲ ਲਿਜਾਇਆ ਗਿਆ ਤੇ ਡਾਕਟਰ ਨੇ ਉਸਦਾ ਅਪਰੇਸ਼ਨ ਕਰਕੇ ਉਸਦੇ ਪਲੱਸਤਰ ਲਾ ਦਿੱਤਾ। ਹਸਪਤਾਲ ਤੋਂ ਛੁੱਟੀ ਤਾਂ ਮਿਲ ਗਈ ਪਰ ਲੱਤ ਠੀਕ ਹੋਣ ਤੇ ਅਜੇ ਸਮਾਂ ਲੱਗਣਾ ਸੀ। ਘਰ ਵਿੱਚ ਕੋਈ ਹੋਰ ਕੰਮ ਵਾਲ਼ਾ ਨਾ ਹੋਣ ਕਾਰਨ ਘਰ ਦੀ ਜ਼ਿੰਮੇਵਾਰੀ ਵਰਿੰਦਰ ਤੇ ਆ ਪਈ। ਬੇਸ਼ੱਕ ਵਰਿੰਦਰ ਛੋਟਾ ਸੀ ਪਰ ਉਸਦਾ ਇਰਾਦਾ ਦ੍ਰਿੜ ਸੀ। ਉਹ ਕੰਮ ਤੋਂ ਕਦੇ ਵੀ ਨਹੀਂ ਘਬਰਾਇਆ ਸੀ। ਉਸਨੇ ਸਕੂਲ ਜਾਣਾ ਛੱਡ ਦਿੱਤਾ ਤੇ ਮਜ਼ਦੂਰੀ ਕਰਨ ਲੱਗਾ। ਉਸਦੀ ਮੰਮੀ ਘਰ ਦੇ ਕੰਮ ਕਰਦੀ ਤੇ ਉਸਦੇ ਪਿਤਾ ਨੂੰ ਸੰਭਾਲ਼ਦੀ। ਉਹ ਮਜ਼ਦੂਰੀ ਕਰਕੇ ਆਉਂਦਾ। ਮਜ਼ਦੂਰੀ ਦੇ ਪੈਸਿਆਂ ਨਾਲ਼ ਘਰ ਦਾ ਖ਼ਰਚ ਚਲਾਉਂਦੇ।

ਵਰਿੰਦਰ ਨੂੰ ਮਜ਼ਦੂਰੀ ਕਰਦੇ ਦੇਖ ਕੇ ਸਚਿਨ ਨੇ ਸਮਝਿਆ ਕਿ ਉਹ ਪੜ੍ਹਨੋ ਹਟ ਗਿਆ ਹੈ। ਪਹਿਲਾਂ ਹਰ ਰੋਜ਼ ਘਰ ਆਉਣ ਵਾਲ਼ਾ ਸਚਿਨ ਹੁਣ ਉਸਦੇ ਘਰ ਆਉਣੋ ਹਟ ਗਿਆ। ਉਸਨੇ ਵਰਿੰਦਰ ਨੂੰ ਬੁਲਾਉਣਾ ਹੀ ਛੱਡ ਦਿੱਤਾ। ਇੱਕ ਦਿਨ ਵਰਿੰਦਰ ਨੇ ਉਸਨੂੰ ਬੁਲਾਇਆ ਤਾਂ ਉਸਨੇ ਅੱਗੋਂ ਜਵਾਬ ਦਿੰਦਿਆਂ ਕਿਹਾ, ''ਤੂੰ ਤਾਂ ਦਿਹਾੜੀ ਤੇ ਜਾਣਾ, ਪਰ ਮੈਂ ਸਕੂਲ ਜਾਣਾ।''

ਸਚਿਨ ਉਸਦੀ ਗੱਲ ਸੁਣ ਕੇ ਉਦਾਸ ਹੋ ਗਿਆ।

ਸਚਿਨ ਨੂੰ ਤਿਆਰ ਹੋ ਕੇ ਸਕੂਲ ਜਾਂਦਾ ਦੇਖ ਕੇ ਵਰਿੰਦਰ ਦਾ ਦਿਲ ਸਕੂਲ ਜਾਣ ਨੂੰ ਕਰਦਾ। ਜਦੋਂ

ਉਹ ਸਕੂਲ ਜਾਣ ਦੀ ਗੱਲ ਛੇੜਦਾ ਤਾਂ ਉਸਦੀ ਮੰਮੀ ਉਸਨੂੰ ਪਿਆਰ ਨਾਲ਼ ਸਮਝਾਉਂਦੀ ਤੇ ਕਹਿੰਦੀ, ਤੇਰੇ ਭਾਪੇ ਨੂੰ ਰਾਜ਼ੀ ਹੋ ਲੈਣ ਦੇ। ਫੇਰ ਤੂੰ ਵੀ ਸਕੂਲ ਜਾਵੀਂ। ਉਸਦਾ ਪਿਤਾ ਵੀ ਉਸਨੂੰ ਇਹੀ ਸਮਝਾਉਂਦਾ, ਪੁੱਤ, ਤੂੰ ਚਿੰਤਾ ਨਾ ਕਰ। ਜਿੱਦਣ ਮੈਂ ਕੰਮ ਤੇ ਗਿਆ ਤਾਂ ਉਦਣ ਤੂੰ ਸਕੂਲ ਹੀ ਜਾਣਾ ਹੈ। ਤੈਨੂੰ ਸਕੂਲੋਂ ਨਹੀਂ ਹਟਾਉਂਦੇ।

ਵਰਿੰਦਰ ਨੇ ਆਪਣੀ ਮੰਮੀ ਨੂੰ ਇਹ ਵੀ ਦੱਸਿਆ ਕਿ ਸਚਿਨ ਉਸਨੂੰ ਬੁਲਾਉਣੋਂ ਹਟ ਗਿਆ ਹੈ। ਉਸਨੂੰ ਲੱਗਦਾ ਹੈ ਕਿ ਮੈਂ ਸਕੂਲੋਂ ਹਟ ਗਿਆ ਹਾਂ।

''ਨਾ ਪੁੱਤ ਐਂ ਨਾ ਕਹਿ। ਬਸ ਥੋੜ੍ਹੇ ਦਿਨਾਂ ਦੀ ਗੱਲ ਐ। ਜਦੋਂ ਤੇਰਾ ਭਾਪਾ ਕੰਮ ਤੇ ਜਾਣ ਲੱਗ ਪਿਆ ਤਾਂ ਤੈਨੂੰ ਸਕੂਲ ਹੀ ਭੇਜਾਂਗੇ।''

ਆਪਣੀ ਮੰਮੀ ਦੀ ਗੱਲ ਸੁਣ ਕੇ ਉਸਨੂੰ ਤਸੱਲੀ ਹੋ ਗਈ ਤੇ ਉਹ ਖ਼ੁਸ਼ ਹੋ ਗਿਆ।

ਕਦੇ-ਕਦੇ ਉਸਦੇ ਦਿਮਾਗ ਵਿੱਚ ਆਉਂਦਾ ਕਿ ਉਸਦਾ ਸਕੂਲ ਦਾ ਕੰਮ ਇਕੱਠਾ ਹੋ ਗਿਆ ਹੋਵੇਗਾ ਤੇ ਇਹ ਸਾਰਾ ਕੰਮ ਕਰਨ ਲਈ ਬਹੁਤ ਦਿਨ ਲੱਗ ਜਾਣਗੇ। ਫਿਰ ਉਹ ਆਪਣੇ ਮਨ ਨੂੰ ਆਪ ਹੀ ਸਮਝਾ ਲੈਂਦਾ। ਭਾਵੇਂ ਵਰਿੰਦਰ ਨੂੰ ਆਮ ਮਜ਼ਦੂਰ ਨਾਲ਼ੋਂ ਦਿਹਾੜੀ ਘੱਟ ਮਿਲਦੀ ਸੀ ਪਰ ਉਨ੍ਹਾਂ ਦਾ ਵਧੀਆ ਨਿਰਬਾਹ ਹੋ ਰਿਹਾ ਸੀ ਤੇ ਕਰਜ਼ਾ ਚੜ੍ਹਨ ਤੋਂ ਬਚਾਅ ਹੋ ਗਿਆ ਸੀ। ਉੱਧਰ ਮਾਂ ਬਾਪ ਨੂੰ ਆਪਣੇ ਪੁੱਤਰ ਤੇ ਮਾਣ ਮਹਿਸੂਸ ਹੋ ਰਿਹਾ ਸੀ ਕਿ ਉਸਨੇ ਛੋਟੀ ਉਮਰ ਵਿੱਚ ਹੀ ਵੱਡੀ ਜ਼ਿੰਮੇਵਾਰੀ ਨਿਭਾਈ ਹੈ। ਉਨ੍ਹਾਂ ਨੂੰ ਆਪਣਾ ਪੁੱਤਰ ਬਹੁਤ ਪਿਆਰਾ ਲੱਗਦਾ।

ਕੁਝ ਦਿਨ ਹੋਰ ਨਿਕਲ ਗਏ। ਵਰਿੰਦਰ ਦਾ ਪਿਤਾ ਹੁਣ ਬਿਲਕੁਲ ਠੀਕ ਹੋ ਗਿਆ। ਉਹ ਕੰਮ ਤੇ ਜਾਣ ਲਈ ਤਿਆਰ ਹੋ ਗਿਆ ਤੇ ਵਰਿੰਦਰ ਸਕੂਲ ਜਾਣ ਲਈ।

ਅਧਿਆਪਕਾਂ ਤੋਂ ਡਰਦਿਆਂ ਵਰਿੰਦਰ ਆਪਣੀ ਮੰਮੀ ਨੂੰ ਨਾਲ਼ ਲੈ ਕੇ ਸਕੂਲ ਚਲਾ ਗਿਆ। ਉਸਦੀ ਮੰਮੀ ਨੇ ਮੁੱਖ ਅਧਿਆਪਕ ਨੂੰ ਮਿਲ ਕੇ ਆਪਣੀ ਮਜ਼ਬੂਰੀ ਬਾਰੇ ਦੱਸਿਆ ਤੇ ਵਰਿੰਦਰ ਨੂੰ ਦੁਬਾਰਾ ਦਾਖ਼ਲ ਕਰਨ ਲਈ ਕਿਹਾ। ਮੁੱਖ ਅਧਿਆਪਕ ਨੇ ਉਨ੍ਹਾਂ ਦੀ ਮਜ਼ਬੂਰੀ ਨੂੰ ਸਮਝਿਆ ਤੇ ਉਨ੍ਹਾਂ ਵੱਲੋਂ ਬੱਚੇ ਨੂੰ ਮੁੜ ਤੋਂ ਸਕੂਲ ਭੇਜਣ ਦੀ ਗੱਲ, ਉਸ ਨੂੰ, ਬਹੁਤ ਹੀ ਵਧੀਆ ਲੱਗੀ।

ਵਰਿੰਦਰ ਸਕੂਲ ਜਾਣ ਲੱਗਾ। ਉਸਨੇ ਆਪਣਾ ਸਾਰੇ ਵਿਸ਼ਿਆਂ ਦਾ ਕੰਮ ਪੂਰਾ ਕਰਨ ਲਈ ਟੀ ਵੀ ਦੇਖਣਾ ਤੇ ਖੇਡਣਾ ਬੰਦ ਕਰ ਦਿੱਤਾ ਤੇ ਆਪਣੀ ਜਮਾਤ ਦੇ ਹੁਸ਼ਿਆਰ ਵਿਦਿਆਰਥੀ ਤੋਂ ਇੱਕ-ਇੱਕ ਕਾਪੀ ਲੈ ਕੇ ਕੁਝ ਹੀ ਦਿਨਾਂ ਵਿੱਚ ਆਪਣਾ ਕੰਮ ਮੁਕੰਮਲ ਕਰ ਲਿਆ ਤੇ ਨਾਲ਼ ਹੀ ਚੈੱਕ ਵੀ ਕਰਵਾ ਲਿਆ। ਇਹ ਦੇਖ ਕੇ ਸਾਰੇ ਅਧਿਆਪਕਾਂ ਨੇ ਉਸਨੂੰ ਸ਼ਾਬਾਸ਼ ਦਿੱਤੀ। ਹੁਣ ਉਹ ਹਰ ਰੋਜ਼ ਆਪਣਾ ਕੰਮ ਮੁਕਾ ਕੇ ਪੜ੍ਹੇ ਗਏ ਪਾਠਾਂ ਨੂੰ ਦੁਹਰਾਉਂਦਾ। ਉਹ ਸਾਰੇ ਵਿਸ਼ਿਆਂ ਵਿੱਚ ਪਹਿਲਾਂ ਨਾਲ਼ੋਂ ਵੀ ਹੁਸ਼ਿਆਰ ਹੋ ਗਿਆ। ਉਸਦੀ ਮਿਹਨਤ ਕਰਨ ਦੀ ਚੰਗੀ ਆਦਤ ਕਰਕੇ ਸਾਰੇ ਅਧਿਆਪਕ ਉਸਦੀ ਸ਼ਲਾਘਾ ਕਰਦੇ। ਉਹ ਦੂਜੇ ਬੱਚਿਆਂ ਨੂੰ ਵਰਿੰਦਰ ਦੀ ਰੀਸ ਕਰਨ ਲਈ ਕਹਿੰਦੇ। ਜੇਕਰ ਕਿਸੇ ਬੱਚੇ ਨੂੰ ਕੋਈ ਪ੍ਰਸ਼ਨ ਨਾ ਆਉਂਦਾ ਤਾਂ ਉਹ ਵਰਿੰਦਰ ਕੋਲ਼ੋਂ ਹੀ ਪੁਛਦਾ। ਸਚਿਨ ਨੂੰ ਹੁਣ ਵਰਿੰਦਰ ਕੋਲ਼ੋਂ ਸ਼ਰਮ ਆਉਂਦੀ ਸੀ। ਉਸਨੂੰ ਆਪਣੀ ਗ਼ਲਤੀ ਮਹਿਸੂਸ ਹੁੰਦੀ ਪਰ ਉਹ ਮਾਫ਼ੀ ਨਾ ਮੰਗ ਸਕਿਆ। ਸਾਲਾਨਾ ਪੇਪਰ ਨੇੜੇ ਆ ਗਏ। ਸਾਰੇ ਵਿਦਿਆਰਥੀ ਪੇਪਰਾਂ ਦੀ ਤਿਆਰੀ ਕਰਨ ਲੱਗੇ। ਡੇਟ ਸ਼ੀਟ ਆ ਗਈ। ਨਿਸ਼ਚਿਤ ਸਮੇਂ ਤੇ ਪੇਪਰ ਸ਼ੁਰੂ ਹੋ ਗਏ।

ਇੱਕ-ਇੱਕ ਕਰਕੇ ਪੇਪਰ ਹੋ ਗਏ। ਪ੍ਰੈਕਟੀਕਲ ਵੀ ਹੋ ਗਏ। ਬੱਚੇ ਵਿਹਲੇ ਹੋ ਗਏ। ਵਰਿੰਦਰ ਨੂੰ ਸਚਿਨ ਨਾਲ਼ ਨਰਾਜ਼ਗੀ ਸੀ, ਕਿਉਂਕਿ ਉਸਨੇ ਉਸਦੇ ਦੁੱਖ ਨੂੰ ਵੀ ਕੁਝ ਨਾ ਸਮਝਿਆ ਤੇ ਦੋਸਤੀ ਵੀ ਨਾ ਰੱਖੀ।

ਕੁਝ ਸਮੇਂ ਬਾਅਦ ਨਤੀਜਾ ਆ ਗਿਆ। ਵਰਿੰਦਰ ਆਪਣੀ ਜਮਾਤ ਵਿੱਚੋਂ ਫ਼ਸਟ ਸੀ। ਸਾਰੇ ਬੱਚੇ ਆਪਣੀ-ਆਪਣੀ ਸਫ਼ਲਤਾ ਤੇ ਪ੍ਰਸੰਨ ਸਨ ਪਰ ਨਾਲ਼ ਹੀ ਵਰਿੰਦਰ ਨੂੰ ਫ਼ਸਟ ਆਉਣ ਦੀਆਂ ਵਧਾਈਆਂ ਦੇ ਰਹੇ ਸਨ। ਸਚਿਨ ਉਦਾਸ ਸੀ ਕਿ ਉਹ ਵਰਿੰਦਰ ਨੂੰ ਕੀ ਕਹੇ ਤੇ ਕਿਵੇਂ ਬੁਲਾਵੇ? ਉਸਨੂੰ ਦੂਜਿਆਂ ਸਾਹਮਣੇ ਸ਼ਰਮ ਆ ਰਹੀ ਸੀ।

ਸਾਰੇ ਬੱਚੇ ਘਰ ਨੂੰ ਵਾਪਸ ਆਉਣ ਲੱਗੇ। ਵਰਿੰਦਰ ਵੀ ਆਪਣੇ ਘਰ ਨੂੰ ਚੱਲ ਪਿਆ। ਸਚਿਨ ਉਸਦੇ ਪਿੱਛੇ-ਪਿੱਛੇ ਆ ਰਿਹਾ ਸੀ। ਇੱਧਰ ਉੱਧਰ ਦੇਖ ਕੇ ਉਹ ਵਰਿੰਦਰ ਨੂੰ ਕਹਿਣ ਲੱਗਾ, ''ਸੌਰੀ ਵਰਿੰਦਰ! ਪਲੀਜ਼ ਮੈਨੂੰ ਮਾਫ਼ ਕਰ ਦੇ। ਮੈਂ ਅੱਗੇ ਤੋਂ ਕਦੇ ਵੀ ਅਜਿਹੀ ਹਰਕਤ ਨਹੀਂ ਕਰਾਂਗਾ, ਜਿਸ ਨਾਲ਼ ਕਿਸੇ ਦੇ ਦਿਲ ਨੂੰ ਠੇਸ ਵੱਜੇ।''

ਵਿਵੇਕ ਕੋਟ ਈਸੇ ਖਾਂ
70099-46458



# ਪਿੰਕੀ

ਰਾਤ ਕਿਤੇ ਦੀਪੂ ਦੀ ਮੰਮੀ ਬਾਹਰਲ਼ੀ ਬੈਠਕ ਦਾ ਬੂਹਾ ਲਾਉਣਾ ਭੁੱਲ ਗਈ। ਜਦ ਉਸ ਨੇ ਸੁਬਹ-ਉਠ ਬੈਠਕ ਵੱਲ ਵੇਖਿਆ ਬੂਹਾ ਖੁੱਲ੍ਹਾ ਹੈ ਤਾਂ ਉਹ ਹੈਰਾਨ ਹੋਈ ਤੇ ਬੈਠਕ ਕੋਲ਼ ਜਾ ਕੇ ਵੇਖਿਆ ਇੱਕ ਕੋਨੇ 'ਚ ਸੋਫ਼ੇ ਮਗਰ ਬਿੱਲੀ ਬੈਠੀ ਸੀ ਅਤੇ ਉਸ ਕੋਲ਼ ਤਿੰਨ-ਚਾਰ ਬਲੂੰਗੜੇ ਵੀ ਸਨ।

ਦੀਪੂ ਦੀ ਮੰਮੀ ਚੁਪਚਾਪ ਪਿੱਛੇ ਮੁੜ ਆਈ। ਉਹਨੇ ਦੀਪੂ ਨੂੰ ਉਠਾਇਆ ਤੇ ਕਿਹਾ ਚੱਲ ਤੈਨੂੰ ਮਾਣੋ ਬਿੱਲੀ ਵਿਖਾਵਾਂ। ਆਪਣੀ ਬੈਠਕ 'ਚ ਬੈਠੀ ਆ। ਦੀਪੂ ਤੇ ਮੰਮੀ ਹੌਲ਼ੀ-ਹੌਲ਼ੀ ਬੈਠਕ ਦੇ ਬੂਹੇ ਕੋਲ ਪੁਹੰਚੇ। ਦੂਰੋਂ ਹੀ ਉਹਨਾਂ ਬਿੱਲੀ ਵੱਲ ਵੇਖਿਆ।

''ਮੰਮੀ-ਮੰਮੀ, ਇਹਦੇ ਤਾਂ ਬੱਚੇ ਵੀ ਹਨ।''

''ਹਾਂ ਦੀਪੂ, ਇਹਦੇ ਬੱਚਿਆਂ ਨੂੰ ਬਲੂੰਗੜੇ ਕਹਿੰਦੇ ਹਨ। ਇਹ ਅਜੇ ਨਿੱਕੇ ਹਨ। ਬਿੱਲੀ ਇਹਨਾਂ ਨੂੰ ਲੈ ਕੇ ਸੱਤ ਘਰ ਟੱਪਦੀ ਆ। ਹੁਣ ਇਹ ਆਪਣੇ ਘਰ ਆਈ ਹੈ, ਫਿਰ ਇਹ ਹੋਰ ਥਾਂ ਜਾਵੇਗੀ।''

''ਕਿਉਂ...?'' ਮੰਮੀ, ਦੀਪੂ ਨੇ ਹੈਰਾਨੀ ਨਾਲ਼ ਪੁਛਿਆ।

ਬੇਟੇ ਇਹ ਕੁਦਰਤੀ ਨੇਮ ਹਨ। ਪਸ਼ੂ-ਪੰਛੀ, ਜਾਨਵਰ, ਪੇੜ-ਪੌਦੇ ਸਭ ਕੁਦਰਤ ਦੇ ਸਹਾਰੇ ਹਨ। ਆਦਮੀ ਜੇਕਰ ਇਹਨਾਂ ਦੇ ਇਹ ਕੁਦਰਤੀ ਵਰਤਾਰੇ ਸਮਝੇ ਇਹਨਾਂ ਨਾਲ਼ ਤਾਲ-ਮੇਲ ਰੱਖੇ ਇਹ ਸਭ ਮਨੁੱਖੀ ਜੀਵਨ ਲਈ ਲਾਹੇਵੰਦ ਹੈ। ਪਰ ਮਨੁੱਖ ਇਹ ਸਭ ਤਬਾਹ ਕਰ ਰਿਹਾ ਹੈ। ਪੌਣ ਪਾਣੀ ਗੰਧਲਾ ਹੋ ਰਿਹਾ ਹੈ ਹਰਿਆਲੀ ਘੱਟ ਹੋ ਰਹੀ ਹੈ ਕੁਦਰਤੀ ਮਾਹੌਲ ਖ਼ਤਮ ਹੋ ਰਿਹਾ ਹੈ ਇਹ ਜਾਨਵਰ ਕਿੱਥੇ ਜਾਣ। ਹੁਣ ਹੋ ਸਕਦਾ ਇਹ ਦੋ-ਚਾਰ ਦਿਨ ਏਥੇ ਹੀ ਰਹੇ।

''ਚਲੋ ਮੰਮੀ ਆਪਾਂ ਇਹਨੂੰ ਦੁੱਧ ਪਾ ਦਿੰਦੇ ਹਾਂ।'' ਦੀਪੂ ਖ਼ੁਸ਼ੀ ਚ ਬੋਲਿਆ।

''ਹਾਂ ਇਹ ਠੀਕ ਆ।'' ਮੰਮੀ ਨੇ ਸਹਿਮਤੀ ਪ੍ਰਗਟਾਈ।

ਉਹਨਾਂ ਘਰੋਂ ਇੱਕ ਵੱਡੀ ਪਲਾਸਟਿਕ ਦੀ ਕੌਲ਼ੀ 'ਚ ਦੁੱਧ ਪਾ ਬੈਠਕ 'ਚ ਰੱਖ ਦਿੱਤਾ।

ਬਲੂੰਗੜੇ ਬਿੱਲੀ ਨਾਲ਼ ਚਿੰਬੜ ਕੇ ਬੈਠੇ ਸਨ। ਦੀਪੂ ਹੌਲ਼ੀ-ਹੌਲ਼ੀ ਜਾ ਥੋੜ੍ਹੀ ਦੇਰ ਬਾਅਦ ਵੇਖ ਆਉਂਦਾ। ਉਹਨੇ ਬਿੱਲੀ ਦਾ ਨਾਮ ਪਿੰਕੀ ਰੱਖ ਦਿੱਤਾ ਸੀ।

ਉਹਦਾ ਮਨ ਕਰਦਾ ਉਹ ਪਿੰਕੀ ਦੇ ਬਲੂੰਗੜਿਆਂ ਨਾਲ਼ ਖੇਡੇ। ਉਨਾਂ ਨੂੰ ਹੱਥ ਲਾਏ। ਆਪਣੇ ਨਾਲ਼ ਕਮਰੇ 'ਚ ਲੈ ਕੇ ਜਾਵੇ। ਕਾਲ਼ੇ ਭੂਰੇ ਰੰਗ ਦੀਆਂ ਚਮਕੀਲੀਆਂ ਅੱਖਾਂ ਕਦੇ ਖੋਲ੍ਹਦੇ ਬੰਦ ਕਰਦੇ। ਜਿਵੇਂ ਨਿੱਕੇ ਬੱਲਬ ਜਗਦੇ ਬੁੱਝਦੇ ਹੋਣ।

ਸੁਬਹ ਤੋਂ ਦੁਪਹਿਰ ਹੋਈ। ਦੀਪੂ ਆਪਣੇ ਕਮਰੇ 'ਚ ਆ ਸਕੂਲ ਦਾ ਕੰਮ ਕਰਨ ਲੱਗ ਪਿਆ। ਫਿਰ ਉੱਥੇ ਹੀ ਸੌਂ ਗਿਆ। ਜਦ ਉਸ ਦੀ ਅੱਖ ਖੁੱਲ੍ਹੀ ਤਦ ਹਨੇਰਾ ਹੋਣ ਲੱਗ ਪਿਆ ਸੀ। ਮੰਮੀ ਰਸੋਈ ਦੇ ਕੰਮ ਲੱਗੀ ਹੋਈ ਸੀ।

ਉਹ ਉੱਠਿਆ ਸਿੱਧਾ ਬੈਠਕ ਵੱਲ ਪਿੰਕੀ ਨੂੰ ਵੇਖਣ ਗਿਆ।

ਬਿੱਲੀ ਆਪਣੇ ਬਲੂੰਗੜੇ ਲੈ ਕੇ ਉਥੋਂ ਚਲੀ ਗਈ ਸੀ। ਦੀਪੂ ਨੇ ਇੱਧਰ ਉੱਧਰ ਵੇਖਿਆ। ਕੁਝ ਨਜ਼ਰ ਨਾ ਆਇਆ ਉਹਦਾ ਮਨ ਨਿਰਾਸ਼ ਹੋ ਗਿਆ।

ਮੰਮੀ-ਮੰਮੀ, ਪਿੰਕੀ ਚਲੀ ਗਈ। ਉਸ ਦੀ ਅਵਾਜ਼ ਉਦਾਸ ਸੀ।

ਚੱਲ ਕੋਈ ਨਾ, ਉਦਾਸ ਨਾ ਹੋ ਉਹ ਕਿਤੇ ਹੋਰ ਚਲੇ ਗਈ। ਇਹ ਕਹਿ ਮੰਮੀ ਨੇ ਉਸ ਨੂੰ ਦਿਲਾਸਾ ਦੇ ਆਪਣੇ ਨਾਲ਼ ਘੁੱਟ ਲਿਆ।

ਰਣਬੀਰ ਸਿੰਘ ਪ੍ਰਿੰਸ
98722-99613


# ਅਣਗਹਿਲੀ



ਪੁੱਤ ਸੀਰਤ ਜਲਦੀ ਕਰ ਪੁੱਤ ਅੱਜ ਤੇਰਾ ਨਵੋਦਿਆ ਦਾ ਪੇਪਰ ਹੈ। ਸ਼ਹਿਰ ਜਾਣਾ ਕੁੜੇ ਭੀੜ ਭੜੱਕਾ ਹੋ ਜਾਂਦਾ, ਕਈ ਵਾਰ ਟ੍ਰੈਫ਼ਿਕ ਜਾਮ ਲੱਗ ਜਾਂਦਾ, ਹਾਂ ਨਾਲ਼ੇ ਕੁੜੇ ਆਹ ਜੈ ਖਾਣਿਆਂ ਦਾ ਫ਼ਾਟਕ ਤਾਂ ਬੰਦ ਹੀ ਰਹਿੰਦਾ। ਬੇਬੇ ਦੀਆਂ ਗੱਲਾਂ ਤੋਂ ਪਿਓ-ਧੀ ਖਿਝਦੇ ਹੋਏ ਬੋਲੇ, "ਕਿਉਂ ਬੇਬੇ ਆਪਣੀ ਹੀ ਟੈਂ-ਟੈਂ ਲਾਈ ਹੈ ਲਾਊਡ-ਸਪੀਕਰ ਵਾਂਗ ਦਸ ਵਜੇ ਪੇਪਰ ਹੋਣਾ। ਤੜਕੇ ਹੀ ਕਿੱਥੇ ਜਾ ਕੇ ਬਹਿ ਜਾਈਏ।" ਮੇਰੀ ਧੀ ਦੀ ਪੂਰੀ ਤਿਆਰੀ ਹੈ। ਵੀਹ ਮਿੰਟ ਦਾ ਰਾਹ ਸਾਰਾ ਅਰਾਮ ਨਾਲ਼ ਜਾਵਾਂਗੇ। ਕਿਉਂ ਪੁੱਤ ਸੀਰਤ ਦਰਸ਼ਨ ਢੀਂਗਰੇ ਨੇ ਵਾਲ਼ਾਂ ਨੂੰ ਕੰਘੀ ਕਰਦਿਆਂ ਕਿਹਾ। "ਬਿਲਕੁਲ ਸਹੀ ਕਿਹਾ ਮੇਰੇ ਪਿਆਰੇ ਡੈਡੂ।" ਸੀਰਤ ਨੇ ਮੁਸਕਰਾਉਂਦਿਆਂ ਕਿਹਾ। ਨਾਲ਼ੇ ਵਾਅਦਾ ਯਾਦ ਹੈ ਨਾ, ਹਾਂ ਪੁੱਤ ਤੂੰ ਪੇਪਰ ਪਾਸ ਕਰ ਲੈ। ਉਹ ਤਾਂ ਹੋ ਗਿਆ ਢੀਂਗਰਾ ਸਾਬ ਕਹਿ ਸੀਰਤ ਉੱਚੀ ਦੇਣੀ ਹੱਸਣ ਲੱਗੀ ਜਿਵੇਂ ਦਾਦੀ ਨੂੰ ਜਾਣ-ਬੁੱਝ ਕੇ ਸਤਾ ਰਹੀ ਹੋਵੇ।

9:30 ਕੁ ਵਜੇ ਪਿਓ ਧੀ ਨੇ ਗੱਡੀ ਵਿੱਚ ਬੈਠ ਚਾਲੇ ਪਾ ਦਿੱਤੇ। ਅਚਾਨਕ ਰੇਲਵੇ ਫ਼ਾਟਕਾਂ ਕੋਲ਼ ਪਹੁੰਚਦੇ ਹੀ ਫ਼ਾਟਕ ਬੰਦ ਹੋ ਗਿਆ। ਦੋਹਾਂ ਪਾਸੇ ਵਾਢੀ ਦਾ ਜ਼ੋਰ ਹੋਣ ਕਾਰਨ ਜਾਮ ਲੱਗ ਗਿਆ। ਫ਼ਾਟਕ ਖੁੱਲ੍ਹਣ ਤੇ ਜਾਮ ਵਿੱਚ 15-20 ਮਿੰਟ ਲੱਗ ਗਏ। ਸਕੂਲ ਜਾਂਦੇ 10:20 ਹੋ ਗਏ। ਨਿੱਕੀ ਜਿਹੀ ਅਣਗਹਿਲੀ ਨੇ ਸੀਰਤ ਨੂੰ ਪੇਪਰ ਦੇਣ ਤੋਂ ਵਾਂਝਿਆਂ ਕਰ ਦਿੱਤਾ। ਹੁਣ ਸੀਰਤ ਉਸ ਦੇ ਪਿਤਾ ਕੋਲ਼ ਪਛਤਾਵੇ ਤੋਂ ਬਿਨਾਂ ਕੁਝ ਵੀ ਨਹੀਂ ਸੀ ਤੇ ਭਰੇ ਮਨ ਨਾਲ਼ ਘਰ ਵੱਲ ਨੂੰ ਪਰਤਦੇ ਦਾਦੀ ਦੀਆਂ ਗੱਲਾਂ ਯਾਦ ਆ ਰਹੀਆਂ ਸਨ। ਦਰਸ਼ਨ ਢੀਂਗਰਾ ਆਪਣੀ ਧੀ ਨਾਲ਼ ਅੱਖਾਂ ਮਿਲਾਉਣ ਤੋਂ ਕਤਰਾ ਰਿਹਾ ਸੀ।

ਲਖਵਿੰਦਰ ਸਿੰਘ
98552-27530



# ਸੁਹਣੇ-ਸੁਹਣੇ ਅੱਖ਼ਰ

ਸੁਹਣੇ-ਸੁਹਣੇ ਅੱਖ਼ਰ ਮੈਂ ਵੀ ਲਿਖਦਾ ਹੁੰਦਾ ਸਾਂ।
ਬਚਪਨ ਵਿੱਚ ਮੈਂ ਜਦੋਂ ਪੰਜਾਬੀ ਸਿੱਖਦਾ ਹੁੰਦਾ ਸਾਂ।

ਗਾਚੀ ਦੇ ਨਾਲ਼ ਪੋਚ ਕੇ ਫ਼ੱਟੀ ਸੁੱਕਣੇ ਪਾਉਂਦਾ ਸੀ,
ਨਾਲ਼ ਬਲੇਡ ਦੇ ਘੜ ਕਾਨੇ ਦੀ, ਕਲਮ ਬਣਾਉਂਦਾ ਸੀ।

ਫੜ ਸਭਨਾਂ ਦੀਆਂ ਫੱਟੀਆਂ, ਮੈਡਮ ਪੂਰਨੇ ਪਾ ਦਿੰਦੀ।
ਫੇਰ ਜਮਾਤ ਅਸਾਡੀ ਨੂੰ ਫ਼ੱਟੀਆਂ ਲਿਖਣੇ ਲਾ ਦੇਂਦੀ।

ਇੱਕ ਪਾਸੇ ਊੜਾ-ਐੜਾ, ਦੂਜੇ ਤੇ ਪਾ ਗਿਣਤੀ।
ਵੱਡਿਆਂ ਛੋਟਿਆਂ ਅੱਖ਼ਰਾਂ ਦੀ, ਕਰ ਲੈਂਦਾ ਸੀ ਮਿਣਤੀ।

ਊੜਾ ਊਠ ਤੇ ਐੜਾ ਅੰਬ, ਕਾਇਦੇ ਤੋਂ ਪੜ੍ਹਦਾ ਸੀ,
ਸਭ ਸਨ ਮੇਰੇ ਬੇਲੀ ਭੁੱਲ ਕੇ ਵੀ ਨਾ ਲੜਦਾ ਸੀ।

ਇੱਕ ਤੋਂ ਲੈ ਦੱਸ ਤੱਕ ਪਹਾੜੇ, ਜਦੋਂ ਸੁਣਾਉਂਦਾ ਸਾਂ,
ਬੋਲਣ ਲੱਗਾ ਮੈਂ ਤਾਂ, ਭੋਰਾ ਨਾ ਘਬਰਾਉਂਦਾ ਸਾਂ।

ਮਾਸਟਰ ਜੀ ਤੇ ਮੈਡਮ ਜੀ ਨੂੰ, ਜੀ-ਜੀ ਕਹਿੰਦਾ ਸੀ,
ਮਾਂ-ਪਿਉ ਦੀ ਸਿੱਖਿਆ ਤੇ, ਹਰਦਮ ਚੱਲਦਾ ਰਹਿੰਦਾ ਸੀ।

ਝਗੜਾ ਵਿੱਚ ਜਮਾਤੇ, ਭੁੱਲ ਕੇ ਵੀ ਨਾ ਕਰਦਾ ਸੀ
ਸੱਚੀ ਗੱਲ ਕਹਿਣੋਂ ਵੀ ਮੈਂ ਨਾ ਕਦੇ ਵੀ ਡਰਦਾ ਸੀ

ਕਰਨਾ ਸਭ ਦਾ ਆਦਰ, ਚੰਗੀ ਗੱਲ ਸਮਝਾਈ ਸੀ।
'ਲੱਖੇ' ਨੂੰ ਤਾਂ ਮਾਂ ਨੇ ਸੱਚ ਦੀ ਆਦਤ ਪਾਈ ਸੀ।

ਹਰਪ੍ਰੀਤ ਪੱਤੋਂ
94658-21417

# ਸਾਡਾ ਸਕੂਲ

ਮੰਮੀ-ਮੰਮੀ ਸਾਡੇ ਸਕੂਲੇ,
ਸੁਹਣੇ ਸੁਹਣੇ ਲਾਏ ਝੂਲੇ।

ਛੁੱਟੀ ਹੋਈ ਤੋਂ ਬੱਚੇ ਸਾਰੇ,
ਖੇਡ-ਖੇਡ ਕੇ ਲੈਣ ਨਜ਼ਾਰੇ।

ਸੁਹਣਾ ਹੈ ਸਕੂਲ ਸਜਾਇਆ,
ਕਿਸੇ ਦਾਨੀ ਨੇ ਹਿੱਸਾ ਪਾਇਆ।

ਨਾਲ਼ੇ ਵਧੀਆ ਹੋਵੇ ਪੜ੍ਹਾਈ,
ਕੰਧਾਂ ਉੱਤੇ ਕਰੀ ਲਿਖਾਈ।

ਇੱਕ ਕਾਰਟੂਨ ਬਣਾਇਆ,
ਮੋਢੇ ਉਸ ਦੇ ਬਸਤਾ ਪਾਇਆ।

ਸਭ ਨੂੰ ਉਹ ਸਮਝਾਈ ਜਾਵੇ,
ਸਕੂਲ ਦੀ ਵਰਦੀ ਪਾਈ ਜਾਵੇ।

ਵਿੱਦਿਆ ਸਭ ਤੋਂ ਉੱਤਮ ਦਾਨ,
ਪੜ੍ਹਕੇ ਬਣਨਾ ਅਸੀਂ ਮਹਾਨ।

ਟੀਚਰ ਸਾਨੂੰ ਪਿਆਰ ਨੇ ਕਰਦੇ,
ਸਾਰੇ ਬੱਚੇ ਵਧੀਆ ਪੜ੍ਹਦੇ।

ਇੱਕ ਪਾਸੇ ਪਾਰਕ ਬਣਾਇਆ,
ਮਾਲੀ ਉਸ ਨੂੰ ਖ਼ੂਬ ਸਜਾਇਆ।

ਕੀ ਕੀ ਮੰਮੀ ਹੋਰ ਮੈਂ ਦੱਸਾਂ,
ਪੀਲ਼ੇ ਰੰਗ ਦੀਆਂ ਨੇ ਬੱਸਾਂ।

ਸਭ ਤੋਂ ਸੁਹਣਾ ਮੇਰਾ ਸਕੂਲ,
ਪੱਤੋਂ, ਜਿੱਥੋਂ ਸਿੱਖੇ ਅਸੂਲ।



ਬਹਾਦਰ ਸਿੰਘ ਗੋਸਲ
98764-52223

# ਰੁੱਖ ਅਤੇ ਵੇਲ

ਜਦੋਂ ਤੋਂ ਮਾਸਟਰ ਗੁਰਪ੍ਰੀਤ ਸਿੰਘ ਨੇ ਨਵੇਂ ਸਕੂਲ ਵਿੱਚ ਆਉਣਾ ਸ਼ੁਰੂ ਕੀਤਾ ਸੀ, ਉਦੋਂ ਤੋਂ ਹੀ ਉਹ ਬੱਚਿਆਂ ਨੂੰ ਬਹੁਤ ਹੀ ਦਿਲਚਸਪ ਅਤੇ ਸਿੱਖਿਆਦਾਇਕ ਕਹਾਣੀਆਂ ਸੁਣਾਉਂਦਾ ਰਹਿੰਦਾ ਸੀ, ਕਿਉਂਕਿ ਉਨ੍ਹਾਂ ਦਾ ਖ਼ਿਆਲ ਸੀ ਕਿ ਬੱਚੇ ਕਹਾਣੀਆਂ ਦੇ ਮਾਧਿਅਮ ਰਾਹੀਂ ਜਲਦੀ ਸਿੱਖਦੇ ਹਨ ਅਤੇ ਸੁਣੀਆਂ ਹੋਈਆਂ ਕਹਾਣੀਆਂ ਉਨ੍ਹਾਂ ਦੇ ਬਾਲ ਮਨਾਂ ਉੱਪਰ ਅਜਿਹੀਆਂ ਉਕਰੀਆਂ ਜਾਂਦੀਆਂ ਹਨ ਕਿ ਉਹ ਉਨ੍ਹਾਂ ਨੂੰ ਜੀਵਨ ਭਰ ਨਹੀਂ ਭੁੱਲਦੇ ਅਤੇ ਹਰ ਕਹਾਣੀ ਦੀ ਸਿੱਖਿਆ ਉਨ੍ਹਾਂ ਦੇ ਜੀਵਨ ਤੇ ਡਾਢਾ ਪ੍ਰਭਾਵ ਪਾਉਂਦੀ ਹੈ। ਪਰ ਇਸੇ ਗੱਲ ਦਾ ਨਤੀਜਾ ਸੀ ਕਿ ਸਕੂਲ ਦੇ ਹਰ ਜਮਾਤ ਦੇ ਬੱਚੇ ਉਨ੍ਹਾਂ ਦੇ ਪੀਰੀਅਡ ਦੀ ਉਡੀਕ ਕਰਦੇ ਰਹਿੰਦੇ ਸਨ।

ਇੱਕ ਦਿਨ ਜਦੋਂ ਉਹ ਛੇਵੀਂ ਜਮਾਤ ਵਿੱਚ ਆਪਣਾ ਪੰਜਾਬੀ ਦਾ ਪੀਰੀਅਡ ਲੈਣ ਗਏ ਤਾਂ ਬੱਚੇ ਪਹਿਲਾਂ ਹੀ ਮਨ ਬਣਾ ਚੁੱਕੇ ਸਨ ਕਿ ਅੱਜ ਅਸੀਂ ਮਾਸਟਰ ਜੀ ਤੋਂ ਕੋਈ ਨਾ ਕੋਈ ਕਹਾਣੀ ਜ਼ਰੂਰ ਸੁਣਨੀ ਹੈ। ਜਮਾਤ ਵਿੱਚ ਆਉਣ ਤੇ ਗੁਰਪ੍ਰੀਤ ਸਿੰਘ ਜੀ ਦਾ ਸਵਾਗਤ ਕਰਨ ਤੋਂ ਬਾਅਦ ਜਦੋਂ ਮਾਸਟਰ ਜੀ ਨੇ ਬੱਚਿਆਂ ਨੂੰ ਬੈਠਣ ਲਈ ਕਿਹਾ ਤਾਂ ਯਸ਼ਵੀਰ ਉਦੋਂ ਹੀ ਖੜ੍ਹਾ ਹੋ ਗਿਆ ਅਤੇ ਕਹਿਣ ਲੱਗਾ, ''ਸਰ, ਤੁਸੀਂ ਦੱਸਿਆ ਕਰਦੇ ਹੋ ਕਿ ਮਨੁੱਖ ਨੂੰ ਰੁੱਖਾਂ ਤੋਂ ਬਹੁਤ ਲਾਭ ਪ੍ਰਾਪਤ ਹੁੰਦੇ ਹਨ ਤਾਂ ਅੱਜ ਸਾਨੂੰ ਕੋਈ ਰੁੱਖਾਂ ਬਾਰੇ ਵੀ ਕਹਾਣੀ ਸੁਣਾਓ।'' ਦੂਜੇ ਬੱਚਿਆਂ ਨੇ ਵੀ ਕਹਾਣੀ ਦਾ ਨਾਂ ਸੁਣ ਕੇ ਸ਼ੋਰ ਮਚਾ ਦਿੱਤਾ।

ਗੁਰਪ੍ਰੀਤ ਸਿੰਘ ਨੇ ਕਿਹਾ, ''ਬੱਚਿਓ! ਅੱਜ ਤਾਂ ਮੈਂ ਪਹਿਲਾਂ ਹੀ ਰੁੱਖਾਂ ਦੀ ਗੱਲ ਕਰਨੀ ਸੀ, ਪਰ ਯਸ਼ਵੀਰ ਨੇ ਮੇਰੀ ਗੱਲ ਉਤੇ ਮੋਹਰ ਲਗਾ ਦਿੱਤੀ। ਮੇਰੀ ਅੱਜ ਦੀ ਕਹਾਣੀ ਦਾ ਬੜਾ ਮਹੱਤਵ ਹੈ। ਤਾਂ ਸੁਣੋ ਇਹ ਕਹਾਣੀ-ਇੱਕ ਦਿਨ ਮਨਦੀਪ ਦੇ ਨਾਨਾ ਜੀ ਉਨ੍ਹਾਂ ਦੇ ਘਰ ਆਏ ਹੋਏ ਸਨ। ਸਰਦੀਆਂ ਦੇ ਦਿਨ ਸਨ। ਸ਼ਾਮ ਦੇ ਵੇਲ਼ੇ ਨਾਨਾ ਜੀ ਮਨਦੀਪ ਨੂੰ ਲੈ ਕੇ ਪਿੰਡ ਦੇ ਬਾਹਰ ਦੂਰ ਤੱਕ ਸੈਰ ਲਈ ਨਿਕਲ ਗਏ। ਇੱਕ ਰੁੱਖਾਂ ਦਾ ਛੋਟਾ ਜਿਹਾ ਜੰਗਲ ਦਿਖਾਈ ਦਿੱਤਾ ਤਾਂ ਮਨਦੀਪ ਨੇ ਕਿਹਾ, ''ਨਾਨਾ ਜੀ! ਦੇਖੋ ਕਿੰਨੇ ਸੋਹਣੇ ਅਤੇ ਉੱਚੇ-ਉੱਚੇ ਰੁੱਖ ਹਨ। ਸਾਡੀ ਸਾਇੰਸ ਵਾਲ਼ੀ ਭੈਣ ਜੀ ਦੱਸਦੀ ਹੁੰਦੀ ਹੈ ਕਿ ਇਹ ਰੁੱਖ ਹਰ ਸਮੇਂ ਸਾਡੇ ਲਈ ਆਕਸੀਜਨ ਛੱਡਦੇ ਹਨ ਜਿਸ ਕਾਰਨ ਅਸੀਂ ਸ਼ੁੱਧ ਹਵਾ ਵਿੱਚ ਸਾਹ ਲੈਂਦੇ ਹਾਂ ਕਿਉਂਕਿ ਵੱਧ ਆਕਸੀਜਨ ਹੀ ਹਵਾ ਨੂੰ ਸ਼ੁੱਧ ਕਰਦੀ ਹੈ।'' ਨਾਨਾ ਜੀ ਨੇ ਪੁੱਛਿਆ, ''ਇਹ ਰੁੱਖ ਮਨੁੱਖ ਦੀ ਹੋਰ ਕੀ ਸੇਵਾ ਕਰਦੇ ਹਨ, ਤੂੰ ਉਹ ਵੀ ਦੱਸ, ਕੀ ਤੇਰੀ ਭੈਣ ਜੀ ਨੇ ਇੱਕ ਗੱਲ ਹੀ ਦੱਸੀ ਏ?'' ਆਪਣੀ ਸਾਇੰਸ

ਵਾਲ਼ੀ ਭੈਣ ਜੀ ਦੇ ਗਿਆਨ ਤੇ ਮਾਣ ਕਰਦੇ ਹੋਏ ਮਨਦੀਪ ਨੇ ਕਹਿਣਾ ਸ਼ੁਰੂ ਕੀਤਾ, "ਇਹੀ ਰੁੱਖ, ਸਾਡੇ ਲਈ ਮੀਂਹ ਪਾਉਂਦੇ ਹਨ, ਛਾਂ ਦੇਂਦੇ ਹਨ, ਲੱਕੜ, ਫੁੱਲ ਅਤੇ ਫ਼ਲ ਦੇਂਦੇ ਹਨ। ਦੇਖਣ ਨੂੰ ਵੀ ਕਿੰਨੇ ਸੋਹਣੇ ਲੱਗਦੇ ਹਨ।" ਮਨਦੀਪ ਦੀ ਗੱਲ ਸੁਣ ਕੇ ਨਾਨਾ ਜੀ ਖ਼ੁਸ਼ ਹੋ ਗਏ ਅਤੇ ਬੋਲੇ, "ਦੇਖ ਬੇਟਾ! ਉਸ ਉੱਚੇ ਰੁੱਖ਼ ਵੱਲ ਦੇਖ, ਇੱਕ ਕਿੰਨੀ ਪਿਆਰੀ ਵੇਲ ਉਸਦੇ ਤਣੇ ਨਾਲ਼ ਲਿਪਟ ਕੇ ਉੱਚੀਆਂ ਟਾਹਣੀਆਂ ਤੱਕ ਪਹੁੰਚ ਗਈ ਏ, ਇਸ ਦਾ ਮਤਲਬ ਹੈ ਕਿ ਇਹ ਰੁੱਖ਼ ਕਮਜ਼ੋਰਾਂ ਨੂੰ ਸਹਾਰਾ ਵੀ ਦੇਂਦੇ ਹਨ ਇਹ ਵੇਲ ਹੀ ਇਸ ਦਾ ਫ਼ਾਇਦਾ ਨਹੀਂ ਉਠਾਉਂਦੀ ਸਗੋਂ ਕਿੰਨੇ ਪੰਛੀ ਵੀ ਇਸ ਰੁੱਖ਼ ਉੱਤੇ ਬਸੇਰਾ ਕਰਦੇ ਹਨ।" ਤਾਂ ਮਨਦੀਪ ਨੇ ਨਾਨਾ ਜੀ ਨੂੰ ਪੁੱਛਿਆ, "ਨਾਨਾ ਜੀ, ਇਹ ਵੇਲ ਇਸ ਰੁੱਖ਼ ਦਾ ਸਹਾਰਾ ਕਿਉਂ ਲੈਂਦੀ ਹੈ? " ਨਾਨਾ ਜੀ ਕੁਝ ਦੇਰ ਲਈ ਸੋਚਣ ਲੱਗੇ ਅਤੇ ਫਿਰ ਬੋਲੇ, "ਬੇਟਾ! ਇਹ ਵੇਲ ਸਾਡੇ ਜਿਹੇ ਮਨੁੱਖਾਂ ਨੂੰ ਸਮਝਾਉਣਾ ਚਾਹੁੰਦੀ ਹੈ ਕਿ ਕਿਸੇ ਗੁਣਵਾਨ ਦੇ ਨਾਲ਼ ਸੰਗ ਕਰਨ ਨਾਲ਼ ਉਸਦੀ ਸੰਗਤ ਕਰਨ ਨਾਲ਼ ਆਪ ਵੀ ਗੁਣਵਾਨ ਹੋ ਜਾਈਦਾ ਹੈ।" ਇਸ ਦਾ ਇਸ ਰੁੱਖ਼ ਨਾਲ਼ ਕਿੰਨਾ ਪਿਆਰ ਹੈ ਅਤੇ ਆਪ ਕਮਜ਼ੋਰ ਹੋਣ ਦੇ ਬਾਵਜੂਦ ਵੀ ਰੁੱਖ਼ ਦੀ ਉਚਾਈ ਤੱਕ ਪਹੁੰਚਣ ਦਾ ਯਤਨ ਕਰਦੀ ਹੈ ਜਿਉਂ-ਜਿਉਂ ਇਹ ਰੁੱਖ਼, ਜੋ ਗੁਣਾਂ ਦਾ ਭੰਡਾਰ ਹੈ, ਦੇ ਨਾਲ਼ ਲਿਪਟਦੀ ਜਾਂਦੀ ਹੈ, ਰੁੱਖ਼ ਇਸ ਨੂੰ ਹੋਰ ਉਚਾਈ ਤੱਕ ਪਹੁੰਚਾ ਦੇਂਦਾ ਹੈ ਕਿਉਂਕਿ ਰੁੱਖ਼ ਦਿਆਵਾਨ ਹੈ ਅਤੇ ਉਹ ਆਪਣੀ ਉਚਾਈ ਤੇ ਮਾਣ ਨਹੀਂ ਕਰਦਾ ਸਗੋਂ ਕਮਜ਼ੋਰ ਅਤੇ ਨਿਤਾਣਿਆਂ ਦਾ ਸਹਾਰਾ ਬਣ ਕੇ ਸਭ ਨੂੰ ਆਪਣੇ ਬਰਾਬਰ ਤੱਕਣਾ ਚਾਹੁੰਦਾ ਹੈ।" ਨਾਨਾ ਜੀ ਦੀ ਗੱਲ ਸੁਣ, ਮਨਦੀਪ ਨੇ ਕਿਹਾ, "ਇਹ ਤਾਂ ਬਹੁਤ ਕਮਾਲ ਦੀ ਗੱਲ ਏ, ਰੁੱਖ਼ਾਂ ਦੀ ਭਾਵਨਾ ਤਾਂ ਬਹੁਤ ਨਿਆਰੀ ਏ, ਪਰ ਅਜਿਹੀ ਭਾਵਨਾ, ਮਨੁੱਖਾਂ ਵਿੱਚ ਕਿਉਂ ਨਹੀਂ ਆਉਂਦੀ?" ਨਾਨਾ ਜੀ ਮਨ ਵਿੱਚ ਬਹੁਤ ਖ਼ੁਸ਼ ਹੋਏ ਅਤੇ ਕਹਿਣ ਲੱਗੇ, "ਬੱਸ ਪੁੱਤਰ! ਰੁੱਖ਼ਾਂ ਅਤੇ ਮਨੁੱਖਾਂ ਵਿੱਚ ਇਹੀ ਅੰਤਰ ਹੈ।"

ਇਹ ਸੁਣ ਜਮਾਤ ਦੇ ਸਾਰੇ ਬੱਚੇ ਨਾਨਾ ਜੀ ਅਤੇ ਮਨਦੀਪ ਦੀ ਵਾਰਤਾਲਾਪ ਤੋਂ ਬਹੁਤ ਕੁਝ ਸਮਝ ਗਏ ਤਾਂ ਮਾਸਟਰ ਜੀ ਨੇ ਵੀ ਕਿਹਾ, "ਬੱਚਿਓ! ਇਹ ਬਿਲਕੁਲ ਸੱਚ ਹੈ ਕਿ ਮਨੁੱਖਾਂ ਨੂੰ ਵੀ ਚਾਹੀਦੀ ਹੈ ਰੁੱਖ਼ਾਂ ਜਿਹੀ ਜਿਰਾਂਦ।"

ਰਛਪਾਲ ਸਿੰਘ ਰੈਸਲ
94178-97576




# ਮੇਰੀ ਮਾਂ

ਮੇਰੀ ਮਾਂ ਦਾ ਨਾਂ ਗੁਲਜ਼ਾਰ,
ਕਰਦੀ ਸਾਨੂੰ ਬੜਾ ਪਿਆਰ।
ਅਸੀਂ ਹਾਂ ਉਸਦੇ ਸੁਹਣੇ ਬਾਲ,
ਕਮਲ, ਰਛਪਾਲ ਅਤੇ ਬਲਕਾਰ।

ਜਦੋਂ ਸਵੇਰੇ ਸਕੂਲ ਨੂੰ ਜਾਈਏ,
ਰੀਝਾਂ ਲਾ ਲਾ ਕਰੇ ਤਿਆਰ।
ਕਰਦੀ ਕੰਮ ਜਰਾ ਨਾ ਅੱਕਦੀ,
ਆਖੇ ਰੱਬ ਹੀ ਦਿੰਦਾ ਕਾਰ।

ਫੁੱਲਾਂ ਵਾਂਗੂੰ ਹੱਸਦਾ ਚਿਹਰਾ,
ਮਹਿਕਾਂ ਦੀ ਹੈ ਉਹ ਗੁਲਜ਼ਾਰ।
ਬੋਲ ਨਿਰੇ ਮਿਸ਼ਰੀ ਦੀਆਂ ਡਲ਼ੀਆਂ,
ਹਰ ਗੱਲ 'ਤੇ ਉਹ ਕਰੇ ਵਿਚਾਰ।

ਮਮਤਾ ਦੀ ਮੂਰਤ ਐ ਪੂਰੀ,
ਮੈਨੂੰ ਤਾਂ ਲੱਗੇ ਅਵਤਾਰ।
ਰੱਬ ਨੇ ਮਾਂ ਦਾ ਰੂਪ ਬਣਾਕੇ,
ਜੱਗ 'ਤੇ ਕੀਤਾ ਹੈ ਉਪਕਾਰ।

ਮਨ ਵਿੱਚ ਕੋਮਲ ਰੱਖਦੀ ਖ਼ਿਆਲ,
ਸੁਣੋ ਤਾਂ ਤਨ ਮਨ ਦਿੰਦੀ ਠਾਰ।
ਪਿਆਰ ਨਾਲ਼ ਹਰ ਗੱਲ ਸਮਝਾਵੇ,
ਮੱਤਾਂ ਦੇ ਨਾਲ਼ ਦੇਵੇ ਪਿਆਰ।

ਤਨ ਮਨ ਦੀ ਉਹ ਸੁੱਚੀ ਮੂਰਤ,
ਮੈਂ ਸੀਸ ਨੀਵਾਵਾਂ ਵਾਰੋ ਵਾਰ।
ਮੇਰੀ ਮਾਂ ਦਾ ਨਾਂ ਗੁਲਜ਼ਾਰ,
ਕਰਦੀ ਸਾਨੂੰ ਬੜਾ ਪਿਆਰ।

ਮਹਿੰਗਾ ਸਿੰਘ ਕਲਸੀ
94172-17387



# ਮੇਰਾ ਸਕੂਲ

ਸਕੂਲ ਮੇਰਾ ਵਿੱਦਿਆ ਦਾ ਮੰਦਰ,
ਸਿੱਖਿਆ ਮਿਲਦੀ ਇਸ ਦੇ ਅੰਦਰ।

ਮਾਟੋ ਲਿਖੇ ਨੇ ਬੜੇ ਹੀ ਪਿਆਰੇ,
ਸਭ ਨੂੰ ਸਿੱਖਿਆ ਦੇਵਣ ਸਾਰੇ।

ਕਿਤੇ ਲਿਖਿਆ ਸਿੱਖਿਆ ਲਈ ਆਵੋ,
ਕਿਤੇ ਲਿਖਿਆ ਸੇਵਾ ਲਈ ਜਾਵੋ।

ਕਦਰ ਕਰੋ ਸਮੇਂ ਦੀ ਯਾਰੋ,
ਬੋਲੋ ਸੱਚ ਤੇ ਝੂਠ ਵਿਸਾਰੋ।

ਭਾਰਤ ਮਾਂ ਦਾ ਨਕਸ਼ਾ ਪਿਆਰਾ,
ਮਿਲ ਕੇ ਰਹਿਣ ਲਈ ਕਰੇ ਇਸ਼ਾਰਾ।

ਸਵੇਰੇ ਜਦੋਂ ਸਕੂਲ ਮੈਂ ਜਾਵਾਂ,
ਮਾਸਟਰ ਜੀ ਕੋਲ਼ ਹਾਜ਼ਰੀ ਲਵਾਵਾਂ।

ਘਰ ਦਾ ਕੀਤਾ ਕੰਮ ਦਿਖਾਵਾਂ,
ਮਾਸਟਰ ਜੀ ਕੋਲ਼ੋਂ ਸ਼ਾਬਾਸ਼ ਪਾਵਾਂ।

ਸਾਰੇ ਵਿਸ਼ਿਆਂ ਦੀ ਕਰਾਂ ਪੜ੍ਹਾਈ,
ਸੁਆਲ ਕੱਢਾਂ ਤੇ ਕਰਾਂ ਲਿਖਾਈ।

ਮਿਡ-ਡੇ ਮੀਲ ਜਦੋਂ ਮੈਂ ਖਾਵਾਂ,
ਪੇਟ ਨੂੰ ਲੱਗੀ ਭੁੱਖ ਮਿਟਾਵਾਂ।

ਖੇਡਾਂ ਵਿੱਚ ਵੀ ਹਿੱਸਾ ਪਾਵਾਂ,
ਤਮਗਾ ਜਿੱਤ ਕੇ ਲਵਾਂ ਦੁਆਵਾਂ।

ਸਾਥੀਆਂ ਨਾਲ਼ ਨਾ ਕਰਾਂ ਲੜਾਈ,
ਸਾਰੇ ਮਿਲ ਕੇ ਕਰੀਏ ਪੜ੍ਹਾਈ।

ਚੰਗੇ ਨੰਬਰ ਲੈ ਕੇ ਹੋਈਏ ਪਾਸ।
ਵਜੀਫ਼ਿਆਂ ਦੀ ਵੀ ਕਰੀਏ ਆਸ।

ਗਹਿਣਾ ਵਿੱਦਿਆ ਦਾ ਅਨਮੋਲ,
ਜੱਗ 'ਤੇ ਨਾ ਕੋਈ ਇਸਦਾ ਮੋਲ।

ਨਾਲ਼ ਪੜ੍ਹਾਈ ਰੱਖੀਏ ਸਫ਼ਾਈ,
ਇਸਦੇ ਵਿੱਚ ਹੈ ਛੁਪੀ ਖ਼ੁਦਾਈ।

'ਕਲਸੀ' ਚਮਕੀਏ ਵਾਂਗੂ ਚੰਦਰ,
ਸਕੂਲ ਮੇਰਾ ਵਿੱਦਿਆ ਦਾ ਮੰਦਰ।



# ਬੋਲਾਂ ਦੀ ਮਿਠਾਸ

ਰਘੁਵੀਰ ਸਿੰਘ ਕਲੋਆ
98550-24494

ਅੱਜ ਫ਼ਿਰ ਕਾਂ ਦੇ ਪੱਲੇ ਨਿਰਾਸਤਾ ਹੀ ਪਈ। ਨਿੰਮੋਝੂਣਾ ਹੋਇਆ ਉਹ ਮੁੜ ਆਪਣੇ ਟਿਕਾਣੇ, ਕਿੱਕਰ ਦੇ ਰੁੱਖ਼ ਉੱਪਰ ਆਣ ਬੈਠਾ ਸੀ, ਪਰ ਇੱਥੇ ਬੈਠ ਵੀ ਉਹ ਬੜੇ ਤਰਸੇਵੇਂ ਨਾਲ਼ ਦੂਰ ਦਿਸਦੇ ਉਸ ਅੰਬਾਂ ਦੇ ਬਾਗ਼ ਵੱਲ ਹੀ ਝਾਕੀ ਜਾ ਰਿਹਾ ਸੀ।

"ਇਹ ਬਸ਼ੀਰੇ ਦਾ ਟੱਬਰ ਮੇਰਾ ਹੀ ਕਿਉਂ ਵੈਰੀ ਬਣਿਆ?" ਉਹ ਮਨੋਮਨੀ ਸੋਚ ਰਿਹਾ ਸੀ।

ਦੂਰ ਦਿਸਦਾ ਉਹ ਬਾਗ਼ ਆਪਣੇ ਛੱਲੀ, ਸੰਧੂਰੀ, ਸੌਂਫੀ ਆਦਿ ਵੱਖ-ਵੱਖ ਅੰਬਾਂ ਦੇ ਸੁਆਦ ਕਾਰਨ ਦੂਰ-ਦੂਰ ਤੱਕ ਪ੍ਰਸਿੱਧ ਸੀ। ਇਹ ਬਾਗ਼ਬਾਨ ਸਿਹੁੰ ਹੁਰਾਂ ਦਾ ਸੀ ਜੋ ਹਰ ਸਾਲ ਬਸ਼ੀਰਾ ਠੇਕੇ 'ਤੇ ਲੈਂਦਾ ਸੀ। ਫ਼ਲਾਂ ਦੀ ਰੁੱਤੇ ਬਸ਼ੀਰਾ ਅਤੇ ਉਸ ਦੇ ਦੋ ਜੁਆਨ ਪੁੱਤ ਸਾਰਾ ਦਿਨ ਹੜੱਤ-ਹੜੱਤ' ਕਰਦੇ ਕਿਸੇ ਕਾਂ-ਤੋਤੇ ਨੂੰ ਬਾਗ਼ ਦੇ ਨੇੜੇ ਨਾ ਫਟਕਣ ਦਿੰਦੇ। ਜਦੋਂ ਦੇ ਫ਼ਲ ਪੱਕਣੇ ਸ਼ੁਰੂ ਹੋਏ ਸਨ ਇਹ ਕਾਂ ਕਈ ਵਾਰ ਝਕਾਨੀ ਦੇ ਅੰਬਾਂ ਦਾ ਰਸੀਲਾ ਸੁਆਦ ਚੱਖਣ ਗਿਆ, ਪਰ ਹਰ ਵਾਰ ਉਸ ਨੂੰ ਖ਼ਾਲੀ ਹੱਥ ਮੁੜਨਾ ਪੈਂਦਾ।

ਅੱਜ ਜਦੋਂ ਕਾਂ ਨੇ ਬਾਗ਼ ਵਿੱਚ ਕੋਇਲ ਦੀ ਰਸੀਲੀ ਆਵਾਜ ਸੁਣੀ ਤਾਂ ਉਸ ਦਾ ਮਨ ਇੱਕ ਆਸ ਨਾਲ਼ ਭਰ ਉੱਠਿਆ, "ਲੱਗਦਾ ਅੱਜ ਬਾਗ਼ ਵਿੱਚ ਹਾਲੇ ਕੋਈ ਵੀ ਨਹੀਂ ਆਇਆ।"

ਇਹ ਸੋਚਕੇ ਉਹ ਫ਼ਟਾਫਟ ਬਾਗ਼ ਵਿੱਚ ਜਾ ਪੁੱਜਾ। ਛੱਲੀ ਅੰਬ 'ਤੇ ਬੈਠ ਹਾਲ਼ੇ ਕਾਂ-ਕਾਂ ਕਰਦਿਆਂ ਉਸ ਨੇ ਇੱਕ ਅੰਬ ਨੂੰ ਠੁੰਗਿਆ ਹੀ ਸੀ ਕਿ ਬਸ਼ੀਰੇ ਦੇ ਵੱਡੇ ਪੁੱਤ ਨੇ ਉਸ ਵੱਲ ਗੁਲੇਲ ਤਾਣ ਲਈ। ਇਹ ਤਾਂ ਕਾਂ ਦੀ ਕਿਸਮਤ ਚੰਗੀ ਸੀ ਕਿ ਨਿਸ਼ਾਨਾ ਖੁੰਝ ਗਿਆ ਤੇ ਉਸ ਦੀ ਜਾਨ ਬਚ ਗਈ। ਡਰਦਾ ਉਹ ਫ਼ੌਰਨ ਉੱਡ ਗਿਆ।

ਹੁਣ ਉਹ ਭਾਵੇਂ ਗੁਲੇਲ ਦੀ ਮਾਰ ਤੋਂ ਕਾਫ਼ੀ ਦੂਰ ਆ ਚੁੱਕਾ ਸੀ, ਪਰ ਉਸ ਦਾ ਨਿੱਕਾ ਜਿਹਾ ਦਿਲ ਹਾਲ਼ੇ ਵੀ ਜ਼ੋਰ-ਜ਼ੋਰ ਨਾਲ਼ ਕੰਬ ਰਿਹਾ ਸੀ। ਉਹ ਹਾਲ਼ੇ ਆਪਣੇ ਇਨ੍ਹਾਂ ਖ਼ਿਆਲਾਂ 'ਚ ਡੁੱਬਿਆ ਹੋਇਆ ਸੀ ਕਿ ਘੁੱਗੀਆਂ ਦਾ ਜੋੜਾ ਉਸ ਦੇ ਨੇੜੇ ਆਣ ਬੈਠਾ। ਉਸ ਵੇਲ਼ੇ ਕੋਇਲ ਦੀ ਆਵਾਜ਼ ਦੁਬਾਰਾ ਅੰਬਾਂ ਦੇ ਬਾਗ਼ ਵਿੱਚੋਂ

ਆਉਣ ਲੱਗੀ। ਇਹ ਸੁਣ ਕਾਂ ਦਾ ਮਨ ਵਿਲਕ ਉੱਠਿਆ। ਆਪਣੇ ਮਨ ਦੀ ਤੜਫ਼ਣ ਘੁੱਗੀਆਂ ਨਾਲ਼ ਸਾਂਝੀ ਕਰਦਿਆਂ ਉਹ ਆਖਣ ਲੱਗਾ,

"ਆਹ ਕੋਇਲ ਵੀ ਤਾਂ ਮੇਰੇ ਵਰਗੀ, ਇਸ ਨੂੰ ਬਸ਼ੀਰੇ ਦਾ ਟੱਬਰ ਕੁਛ ਨਹੀਂ ਕਹਿੰਦਾ ਤੇ ਮੇਰੇ ਮਗਰ ਐਵੇਂ ਹੱਥ ਧੋ ਕੇ ਪਿਆ ਰਹਿੰਦਾ।"

"ਕਿਉਂ ਕੀ ਗੱਲ ਹੋ ਗਈ ਭਰਾਵਾ?" ਘੁੱਗੀਆਂ ਨੇ ਹੈਰਾਨੀ ਨਾਲ਼ ਪੁੱਛਿਆ ਤਾਂ ਕਾਂ ਆਪਣੇ ਮਨ ਦਾ ਗੁਬਾਰ ਕੱਢਣ ਲੱਗਾ।

"ਇਹ ਕੋਇਲ ਸਾਰਾ ਦਿਨ ਅੰਬਾਂ ਦੇ ਬਾਗ਼ 'ਚ ਰਹਿੰਦੀ, ਇਹ ਵੀ ਤਾਂ ਅੰਬ ਟੁੱਕਦੀ ਹੀ ਹੋਣੀ। ਮੈਂ ਜਰਾ ਕੁ ਉੱਧਰੋਂ ਲੰਘ ਵੀ ਜਾਵਾਂ ਤਾਂ ਮੇਰੇ ਮਗਰ ਗੁਲੇਲ ਲੈ ਕੇ ਪੈ ਜਾਂਦੇ, ਦੱਸੋ ਭਲਾ ਮੇਰੇ ਨਾਲ਼ ਇਹ ਵਿਤਕਰਾ ਕਿਉਂ?"

ਉਸ ਦੀ ਇਹ ਗੱਲ ਸੁਣ ਘੁੱਗੀਆਂ ਵੀ ਸੋਚਾਂ ਵਿੱਚ ਪੈ ਗਈਆਂ। ਕੁਝ ਚਿਰ ਆਪਣੇ ਮਨ ਨਾਲ਼ ਸੋਚ ਵਿਚਾਰ ਕਰਨ ਉਪਰੰਤ ਨਰ ਘੁੱਗੀ ਨੇ ਕਾਂ ਨੂੰ ਕਿਹਾ, "ਕਾਂ ਭਰਾਵਾ! ਜੇ ਗੁੱਸਾ ਨਾ ਕਰੇ ਤਾਂ ਅਸਲ ਗੱਲਾਂ ਦੱਸਾਂ?"

"ਹਾਂ-ਹਾਂ।" ਉਤਸੁਕ ਹੋਏ ਕਾਂ ਨੇ ਫ਼ੌਰਨ ਕਿਹਾ।

ਸ਼ਾਂਤ-ਚਿੱਤ ਹੋ ਘੁੱਗੀ ਨੇ ਕਾਂ ਨੂੰ ਗੱਲ ਸਮਝਾਈ, "ਇਹ ਸਭ ਬੋਲਾਂ ਦੀ ਮਿਠਾਸ ਦਾ ਸਿੱਟਾ, ਕੋਇਲ ਦੇ ਮਿੱਠੇ ਬੋਲ ਉਸ ਦੁਆਰਾ ਕੀਤੇ ਨੁਕਸਾਨ ਨੂੰ ਵੀ ਢਕ ਲੈਂਦੇ ਤੇ ਤੇਰੇ ਕੁੱਰਖ਼ਤ ਬੋਲ ਤੈਨੂੰ ਬਿਨਾਂ ਕਸੂਰ ਤੋਂ ਵੀ ਦੋਸ਼ੀ ਬਣਾ ਦਿੰਦੇ।"

ਨਰ ਘੁੱਗੀ ਤੋਂ ਗੂੜ੍ਹ-ਗਿਆਨ ਦੀ ਇਹ ਗੱਲ ਸੁਣ ਕਾਂ ਡੂੰਘੀ ਸੋਚ 'ਚ ਡੁੱਬ ਗਿਆ।

ਬੋਲਾਂ ਦੀ ਮਿਠਾਸ ਕਿੰਨਾ ਲਾਭਕਾਰੀ ਹੁੰਦੀ, ਇਹ ਗੱਲ ਉਸ ਨੂੰ ਸ਼ਾਇਦ ਅੱਜ ਪਤਾ ਲੱਗੀ ਸੀ।

ਪਰਦੀਪ ਸਿੰਘ ਮੌਜੀ
81468-74643



# ਮੇਲੇ ਦਾ ਦ੍ਰਿਸ਼

ਮੁਕਾ ਕੇ ਸਾਰੇ ਕੰਮ ਝਮੇਲੇ,
ਪਾਪਾ ਜੀ ਨਾਲ਼ ਗਿਆ ਸੀ ਮੇਲੇ।

ਲੱਗੀ ਸੀ ਉੱਥੇ ਰੌਣਕ ਭਾਰੀ,
ਖਿੱਚ ਕੇ ਆਏ ਸੀ ਲੋਕ ਤਿਆਰੀ।

ਦੁਕਾਨਦਾਰਾਂ ਦੁਕਾਨਾਂ ਖ਼ੂਬ ਸਜਾਈਆਂ,
ਚਿਣ-ਚਿਣ ਕੇ ਸਭ ਚੀਜਾਂ ਲਾਈਆਂ।

ਸਸਤੇ ਖਿਡੌਣਿਆਂ ਦੀ ਲੱਗੀ ਸੇਲ,
ਖ਼ਰੀਦੇ ਕੋਈ ਬੱਸ, ਕੋਈ ਰੇਲ।

ਹੋਕਾ ਦਿੰਦੇ ਫਿਰਨ ਹਲਵਾਈ,
ਜਲੇਬੀਆਂ, ਪਕੌੜੇ ਖਾ ਲਓ ਭਾਈ।

ਬਰਫ਼ੀ, ਬੇਸਣ ਪਿਆ ਤਿਆਰ,
ਕਿੱਧਰੇ ਕੁਲਫ਼ੀ ਠੰਢੀ-ਠਾਰ।

ਭਾਂਡੇ-ਟੀਂਡੇ ਕਿਤੇ ਮਨਿਆਰੀ,
ਖ਼ਰੀਦਣ ਲੋਕੀ ਵਾਰੋ-ਵਾਰੀ।

ਮਨਪਸੰਦ ਮੈਂ ਲਿਆ ਸਮਾਨ,
ਮੇਲਿਆਂ ਦੀ ਹੁੰਦੀ ਵੱਖਰੀ ਸ਼ਾਨ।



# ਹੰਸਾਂ ਦਾ ਬਸੇਰਾ

ਮੂਲ: ਹੈਂਸ ਐਂਡਰਸਨ
ਅਨੁ: ਤਰਸੇਮ

ਬਾਲਟਿਕ ਅਤੇ ਉੱਤਰੀ ਸਮੁੰਦਰ ਦੇ ਵਿਚਕਾਰ ਇੱਕ ਬੁੱਢੇ ਹੰਸ ਦਾ ਬਸੇਰਾ ਹੈ, ਜਿੱਥੇ ਹੰਸ ਪੈਦਾ ਹੁੰਦੇ ਹਨ ਅਤੇ ਹੋ ਰਹੇ ਹਨ। ਉਹ ਬਸੇਰਾ ਕਦੇ ਖ਼ਤਮ ਨਹੀਂ ਹੋਵੇਗਾ।

ਪੁਰਾਣੇ ਵੇਲ਼ਿਆਂ ’ਚ ਹੰਸਾਂ ਦਾ ਇੱਕ ਝੁੰਡ ਆਲਪਸ ਪਰਬਤ ਤੋਂ ਮਿਲਾਨ ਦੇ ਘਾਹ ਦੇ ਮੈਦਾਨ ਤੱਕ ਉੱਡ ਕੇ ਗਿਆ, ਜਿੱਥੇ ਉਸਨੂੰ ਰਹਿਣ ’ਚ ਬਹੁਤ ਮਜ਼ਾ ਆਇਆ। ਉਸ ਉਡਾਣ ਨੂੰ ਲੋਕਾਂ ਨੇ ‘ਲੋਂਬਾਰਡਸ’ ਨਾਂ ਦਿੱਤਾ।

ਚਮਕੀਲੇ ਖ਼ੰਭਾਂ ਅਤੇ ਸਾਫ਼ ਅੱਖਾਂ ਵਾਲ਼ੇ ਹੰਸਾਂ ਦੀ ਦੂਜੀ ਡਾਰ ਦੱਖਣ ’ਚ ਬਾਇਜੇਨੀਟੀਅਮ ਦੇ ਵੱਲ ਉੱਡ ਕੇ ਗਈ। ਹੰਸ ਉੱਥੇ ਰਾਜ ਦੇ ਸਿੰਘਾਸਨ ਦੇ ਕੋਲ਼ ਬੈਠ ਗਏ ਅਤੇ ਉਸਦੀ ਰੱਖਿਆ ਦੇ ਲਈ ਆਪਣੇ ਖ਼ੰਭ ਫ਼ੈਲਾ ਦਿੱਤਾ। ਉਹਨਾਂ ਹੰਸਾਂ ਦਾ ਨਾਂ ‘ਬਰੰਗਿਯੰਮ’ ਪਿਆ।

ਫ਼ਰਾਂਸ ਦੇ ਸਮੁੰਦਰੀ ਤਟ ’ਤੇ ਇੱਕ ਡਰੀ ਹੋਈ ਆਵਾਜ਼ ਸੁਣਾਈ ਦਿੱਤੀ, ਕਿਉਂਕਿ ਉੱਥੇ ਮੁਸੀਬਤਾਂ ਝੱਲਦੇ ਲਹੂ ਨਾਲ਼ ਰੰਗੇ ਹੰਸ ਉੱਤਰ ਦਿਸ਼ਾ ਤੋਂ ਆਏ ਸਨ। ਲੋਕਾਂ ਨੇ ਪ੍ਰਾਰਥਨਾ ਕੀਤੀ, ‘‘ਹੇ ਰੱਬਾ ਸਾਨੂੰ ਇਹਨਾਂ ਉਤਰੀ ਲੋਕਾਂ ਤੋਂ ਬਚਾਵੋ।’’

ਇੰਗਲੈਂਡ ਦੇ ਤਾਜ਼ੇ ਘਾਹ ਦੇ ਮੈਦਾਨ ’ਤੇ ਖੁੱਲ੍ਹੇ ਸਮੁੰਦਰ ਤੱਟ ਦੇ ਕੋਲ਼ ਡੈਨਿਸ਼ ਹੰਸ ਖੜ੍ਹਾ ਸੀ। ਉਸਦੇ ਸਿਰ ’ਤੇ ਤਿੰਨ ਰਾਜਾਂ ਦਾ ਮੁਕਟ ਸੀ ਅਤੇ ਉਸਨੇ ਆਪਣਾ ਸੁਨਹਿਰੀ ਰਾਜਦੰਡ ਧਰਤੀ ’ਤੇ ਰੱਖ ਰੱਖਿਆ ਸੀ। ਪਾਮਰਿਨੀਅਨ ਤੱਟ ਦੇ ਅਧਰਮੀਆ ਨੇ ਗੋਡਣੀਆਂ ਲਾ ਦਿੱਤੀਆਂ ਅਤੇ ਡੈਨਿਸ਼ ਹੰਸ ਇੱਕ ਝੰਡਾ ਲੈ ਕੇ ਆਇਆ, ਜਿਸ ’ਤੇ ਕਰਾਸ ਅਤੇ ਨੰਗੀਆਂ ਤਲਵਾਰਾਂ ਬਣੀਆਂ ਹੋਈਆਂ ਸਨ।

ਇਹ ਗੱਲ ਬਹੁਤ ਪੁਰਾਣੇ ਵੇਲ਼ਿਆਂ ਦੀ ਹੈ। ਉਸਨੇ ਕਿਹਾ।

ਬਾਅਦ ਦੇ ਦਿਨਾਂ ’ਚ ਦੋ ਵੱਡੇ ਹੰਸਾਂ ਨੂੰ ਆਪਣੇ ਬਸੇਰੇ ’ਚੋਂ ਉੱਡਦਿਆਂ ਦੇਖਿਆ ਗਿਆ। ਹਵਾ ’ਚ ਦੂਰ ਤੱਕ ਇੱਕ ਰੌਸ਼ਨੀ ਹੋਈ ਅਤੇ ਉਹ ਬਹੁਤ ਦੂਰ ਤੱਕ ਧਰਤੀ ’ਤੇ ਫ਼ੈਲ ਗਈ। ਇਹਨਾਂ ਹੰਸਾਂ ਨੇ ਆਪਣੇ ਖ਼ੰਭ ਫੜਫੜਾ ਕੇ ਆਥਣ ਦੀ ਧੁੰਦ ਨੂੰ ਦੂਰ ਕੀਤਾ, ਤਾਰਿਆਂ ਨਾਲ਼ ਭਰਿਆ ਆਸਮਾਨ ਚਮਕ ਉੱਠਿਆ ਅਤੇ ਇਉਂ ਲੱਗਿਆ ਕਿ ਆਸਮਾਨ ਧਰਤੀ ਦੇ ਕੋਲ਼ ਆ ਗਿਆ ਹੋਵੇ। ਇਹ ਹੰਸ ‘ਤਾਇਕੋ ਬਰਾਹੇ ਸੀ’ ਸੀ।

‘‘ਤੁਸੀਂ ਤਾਂ ਠੀਕ ਆਖਦੇ ਹੋ, ਪਰ ਉਹ ਉਦੋਂ

ਦੀ ਗੱਲ ਸੀ। ਹੁਣ ਸਾਡੇ ਸਮੇਂ 'ਚ ਕੀ ਹੈ?''

ਅਸੀਂ ਇੱਕ ਤੋਂ ਇੱਕ ਹੰਸਾਂ ਨੂੰ ਸੁਹਣੇ ਢੰਗ ਨਾਲ਼ ਉਡਦਿਆਂ ਦੇਖਿਆ ਹੈ। ਇੱਕ ਨੇ ਆਪਣੇ ਖ਼ੰਭਾਂ ਨੂੰ ਸੁਨਹਿਰੇ ਵਾਜੇ ਦੀਆਂ ਤਾਰਾਂ ਤੇ ਛੇੜਿਆ ਅਤੇ ਉਸਦੀ ਆਵਾਜ਼ ਉੱਤਰ 'ਚ ਸੁਣਾਈ ਦਿੱਤੀ। ਪੁਰਾਣੇ ਸਮੇਂ ਦੇ ਸੂਰਜ ਦੇ ਚਾਨਣ 'ਚ ਨਾਰਵੇ ਦੇ ਪਹਾੜ ਹੋਰ ਵੀ ਉੱਚੇ ਦਿਖਾਈ ਦਿੱਤੇ। ਚੀੜ ਅਤੇ ਭੋਜ ਦੇ ਰੁੱਖਾਂ 'ਚ ਸਰਸਰਾਹਟ ਹੋਈ। ਉੱਤਰ ਦੇ ਦੇਵਤਾ, ਭਲੀਆਂ ਔਰਤਾਂ ਅਤੇ ਬੰਦੇ ਗਾੜ੍ਹੇ ਹਨੇਰੇ ਜੰਗਲਾਂ 'ਚ ਦਿਖਾਈ ਦਿੱਤੇ। ਅਸੀਂ ਇੱਕ ਹੰਸ ਨੂੰ ਸੰਗਮਰਮਰ ਦੀ ਚੱਟਾਨ 'ਤੇ ਆਪਣੇ ਖ਼ੰਭ ਪਟਕਦੇ ਹੋਏ ਦੇਖਿਆ ਹੈ, ਜਿਸ ਨਾਲ਼ ਕਿ ਉਹ ਚੱਟਾਨ ਕਟ ਗਈ ਅਤੇ ਪੱਥਰ 'ਚ ਬੰਦ ਸੁੰਦਰਤਾ ਦੇ ਕਈ ਰੂਪ ਸੂਰਜ ਦੀ ਰੌਸ਼ਨੀ 'ਚ ਬਾਹਰ ਆ ਗਏ। ਆਲ਼ੇ-ਦੁਆਲ਼ੇ ਰਹਿਣ ਵਾਲ਼ੇ ਲੋਕਾਂ ਨੇ ਸਿਰ ਚੁੱਕ ਕੇ ਇੱਕ ਸੁਹਣਾ ਨਜ਼ਾਰਾ ਦੇਖਿਆ।

ਅਸੀਂ ਇੱਕ ਤੀਜੇ ਹੰਸ ਨੂੰ ਸਾਰੀ ਦੁਨੀਆ 'ਚ ਇੱਕ ਦੇਸ ਤੋਂ ਦੂਜੇ ਦੇਸ ਤੱਕ ਵਿਚਾਰਾਂ ਦਾ ਧਾਗਾ ਬੁਣਦੇ ਦੇਖਿਆ ਹੈ, ਜਿਸ ਨਾਲ਼ ਦੁਨੀਆ ਬਿਜਲੀ ਦੀ ਰਫ਼ਤਾਰ ਨਾਲ਼ ਇੱਕ ਥਾਂ ਤੋਂ ਦੂਜੀ ਥਾਂ ਤੱਕ ਜਾ ਸਕੇ।

ਸਾਡਾ ਰੱਬ ਬਾਲਟਿਕ ਅਤੇ ਉੱਤਰੀ ਸਮੁੰਦਰ ਦੇ ਵਿਚਕਾਰ ਸਥਿਤ ਬੁੱਢੇ ਹੰਸ ਦੇ ਇਸ ਬਸੇਰੇ ਨੂੰ ਬਹੁਤ ਪਿਆਰ ਕਰਦਾ ਹੈ। ਜਦ ਵੀ ਵੱਡੇ ਪੰਛੀ ਇਸ ਨੂੰ ਖ਼ਤਮ ਕਰਨ ਦੇ ਲਈ ਉੱਡ ਕੇ ਆਉਂਦੇ ਹਨ ਤਾਂ ਏਥੇ ਛੋਟੇ ਤੋਂ ਛੋਟਾ ਪੰਛੀ ਵੀ ਬਸੇਰੇ ਦੇ ਚਾਰੇ ਪਾਸੇ ਗੋਲ਼ ਘੇਰਾ ਬਣਾ ਕੇ ਖੜ੍ਹਾ ਹੋ ਜਾਂਦਾ ਹੈ। ਹਾਲਾਂਕਿ ਉਹਨਾਂ ਦੇ ਸੀਨੇ 'ਤੇ ਸੱਟ ਲੱਗਦੀ ਹੈ ਅਤੇ ਲਹੂ ਵਗਦਾ ਹੈ, ਪਰ ਫੇਰ ਵੀ ਉਹ ਇਸਨੂੰ ਬਰਦਾਸ਼ਤ ਕਰਦੇ ਹਨ ਅਤੇ ਆਪਣੇ ਪੰਜਿਆਂ ਅਤੇ ਖ਼ੰਭਾਂ ਨਾਲ਼ ਲੜਦੇ ਹਨ।

ਸਦੀਆਂ ਬੀਤ ਜਾਣਗੀਆਂ, ਹੰਸ ਆਪਣੇ ਬਸੇਰੇ 'ਚ ਉੱਡਦੇ ਰਹਿਣਗੇ, ਲੋਕ ਦੁਨੀਆ 'ਚ ਉਹਨਾਂ ਦੇ ਬਾਰੇ 'ਚ ਸੁਣਨਗੇ ਅਤੇ ਉਹਨਾਂ ਨੂੰ ਦੇਖਣਗੇ। ਇਸ ਤੋਂ ਪਹਿਲਾਂ ਕਿ ਪੂਰੀ ਸੱਚਾਈ ਅਤੇ ਭਾਵਨਾ ਦੇ ਨਾਲ਼ ਇਹ ਕਿਹਾ ਜਾ ਸਕੇ, ''ਇਹ ਆਖ਼ਰੀ ਹੰਸ ਹੈ, ਹੰਸਾਂ ਦੇ ਬਸੇਰੇ ਦਾ ਆਖ਼ਰੀ ਗੀਤ।''

**ਨਿੱਕੀ ਕਹਾਣੀ**

ਸੁਰਜੀਤ ਦੇਵਲ
92563-67202



# ਅਕਲਮੰਦੀ

ਮੰਜੂ ਨੇ ਸੌਦੇ ਦੀ ਲਿਸਟ ਬਣਾਈ ਤੇ ਆਪਣੇ ਪੁੱਤਰ ਨੂੰ ਉਂਗਲ ਫੜਾ ਕੇ ਪਰਚੂਨ ਦੀ ਦੁਕਾਨ 'ਤੇ ਸੌਦਾ ਲੈਣ ਪੁੱਜ ਗਈ।

ਦੁਕਾਨਦਾਰ ਨੇ ਸੌਦੇ ਦੀ ਲਿਸਟ ਫੜੀ ਤੇ ਸਾਰਾ ਸੌਦਾ ਤੋਲ਼ ਕੇ ਪੈਕ ਕਰ ਦਿੱਤਾ। ਮੰਜੂ ਨੇ ਸੌਦੇ ਦੇ ਪੈਸੇ ਦਿੱਤੇ। ਸੌਦਾ ਥੈਲ਼ੇ ਵਿੱਚ ਪਾਉਣ ਉਪਰੰਤ ਆਪਣੇ ਪੁੱਤਰ ਨੂੰ ਬੋਲੀ, ''ਚਲੋ ਬੇਟੇ, ਆਓ ਚੱਲੀਏ।''

ਮੰਜੂ ਦੇ ਕਹਿਣੇ 'ਤੇ ਵੀ ਉਹ ਪੁਲਾਂਘਾਂ ਨਹੀ ਸੀ ਪੁੱਟ ਰਿਹਾ। ਉੱਥੇ ਹੀ ਪੈਰ ਜਮਾ ਕੇ ਖੜ੍ਹਾ ਦੁਕਾਨਦਾਰ ਵੱਲ ਵੇਖਦਾ ਰਿਹਾ। ਦੁਕਾਨਦਾਰ ਸਮਝ ਗਿਆ ਕਿ ਘਰੇਲੂ ਸਮਾਨ ਤਾਂ ਮੰਜੂ ਨੇ ਲੈ ਲਿਆ, ਪਰ ਬੱਚੇ ਵਾਸਤੇ ਕੁਝ ਨਹੀਂ ਲਿਆ। ਉਸ ਨੇ ਝੱਟ ਕਿਹਾ:

''ਹਾਂ ਬਈ, ਵਿਸ਼ਾਲ ਕੁਮਾਰ ਕੇ ਬੇਟੇ, ਤੂੰ ਕੀ ਲੈਣਾ ਹੈ ਟੌਫ਼ੀਆਂ?''

ਉਸ ਨੇ ਮੂੰਹ ਵਿੱਚ ਉਂਗਲ ਪਾਈ ਖੜੇ ਨੇ ਹਾਂ ਵਿੱਚ ਸਿਰ ਹਿਲਾਇਆ। ਦੁਕਾਨਦਾਰ ਨੇ ਟੌਫ਼ੀਆਂ ਦਾ ਡੱਬਾ ਖੋਲ੍ਹਿਆ 'ਤੇ ਉਸ ਅੱਗੇ ਕਰਦਿਆਂ ਕਿਹਾ:

''ਲੈ, ਕੱਢ ਲੈ।''

ਉਸ ਨੇ ਨਾ ਵਿੱਚ ਸਿਰ ਹਿਲਾਇਆ। ਦੁਕਾਨਦਾਰ ਨੇ ਆਪਣੀ ਮੁੱਠੀ ਭਰਕੇ ਉਹਦੀ ਉਂਝਲ ਭਰ ਦਿੱਤੀ ਤੇ ਉਹ ਖ਼ੁਸ਼ੀ-ਖ਼ੁਸ਼ੀ ਦੁਕਾਨ ਦੀਆਂ ਪੌੜੀਆਂ ਉਤਰ ਗਿਆ। ਰਾਹ ਵਿੱਚ ਮੰਜੂ ਨੇ ਉਸ ਨੂੰ ਪੁੱਛਿਆ:

''ਬੱਚੂ, ਤੂੰ ਆਪ ਕਿਉਂ ਨਹੀਂ ਟੌਫ਼ੀਆਂ ਕੱਢੀਆਂ?''

''ਮੰਮੀ, ਮੇਰਾ ਹੱਥ ਛੋਟਾ ਸੀ ਭਾਈ ਦਾ ਹੱਥ ਵੱਡਾ ਸੀ। ਹੁਣ ਮੇਰੇ ਦੋਵੇਂ ਹੱਥ ਭਰ ਗਏ। ਜੇ ਮੈਂ ਕੱਢਦਾ, ਮੇਰਾ ਇੱਕ ਹੱਥ ਭਰਨਾ ਸੀ।''

''ਅੱਛਾ! ਫੇਰ ਤਾਂ ਹੁਣ ਮੇਰਾ ਬੇਟਾ ਬਹੁਤ ਸਿਆਣਾ ਹੋ ਗਿਆ।''



ਹਰਜੀਤ ਸਿੰਘ
98768-81870

# ਬੰਟੀ ਦਾ ਜੋਕਰ

**ਪਾਤਰ:**

ਬੰਟੀ: 7-8 ਵਰ੍ਹਿਆਂ ਦਾ ਬੱਚਾ।

ਗੌਰੀ ਕਪੂਰ: ਬੰਟੀ ਦੇ ਮੰਮੀ ਉਮਰ 35 ਸਾਲ।

ਸਤੀਸ਼ ਕਪੂਰ: ਬੰਟੀ ਦੇ ਪਾਪਾ ਉਮਰ 37 ਸਾਲ।

ਸ਼ਿਖਾ: ਬੰਟੀ ਦੀ ਵੱਡੀ ਭੈਣ ਉਮਰ 11 ਸਾਲ।

ਮਾਯਾ: ਘਰ ਦੀ ਨੌਕਰਾਣੀ ਉਮਰ 40 ਸਾਲ।

ਮਿਸਜ਼ ਗੁਪਤਾ: ਬੰਟੀ ਦੇ ਗੁਆਂਢੀ 30 ਸਾਲ।

ਗਾਰਡ: 25 ਕੁ ਸਾਲ ਦਾ ਨੌਜਵਾਨ।

ਭੂਤ 1: ਕਾਲ਼ੇ ਪਹਿਰਾਵੇ ਵਿੱਚ ਡਰਾਉਣੀ ਸ਼ਕਲ ਵਾਲ਼ਾ ਪਾਤਰ।

ਭੂਤ 2: ਇਹ ਵੀ ਕਾਲ਼ੇ ਪਹਿਰਾਵੇ ਵਿੱਚ ਡਰਾਉਣੀ ਸ਼ਕਲ ਵਾਲ਼ਾ ਪਾਤਰ।

ਚਮਗਿੱਦੜ: ਚਮਗਿੱਦੜ ਦੇ ਮਖੌਟੇ ਵਾਲ਼ਾ ਪਾਤਰ।

ਮੱਕੜੀ: ਮੱਕੜੀ-ਮੱਕੜੀ ਦੇ ਮਖੌਟੇ ਵਾਲ਼ਾ ਪਾਤਰ।

ਜੋਕਰ: ਨਿੱਕੇ ਜੋਕਰ ਦੇ ਖਿਡੌਣੇ ਦੀ ਇੰਨ-ਬਿੰਨ ਸ਼ਕਲ ਵਾਲ਼ਾ ਵੱਡਾ ਜੋਕਰ ਪਾਤਰ।

(ਪਰਦਾ ਉੱਠਦਾ ਹੈ, ਸੂਤਰਧਾਰ ਆਉਂਦਾ ਹੈ।)

ਸੂਤਰਧਾਰ: ਨਾਟਕ ਦੇ ਸਭ ਦਰਸ਼ਕਾਂ ਨੂੰ ਮੇਰਾ ਨਮਸਕਾਰ। ਇਸ ਨਾਟਕ ਵਿੱਚ ਬੰਟੀ ਦੀ ਕਹਾਣੀ ਹੈ। ਬੰਟੀ ਆਪਣੇ ਮੰਮੀ, ਪਾਪਾ ਅਤੇ ਵੱਡੀ ਭੈਣ ਸ਼ਿਖਾ ਨਾਲ਼ ਜਿਸ ਘਰ ਵਿੱਚ ਰਹਿੰਦਾ ਹੈ, ਉਹ ਇੱਕ ਸੋਸਾਇਟੀ ਵਿੱਚ ਹੈ, ਜਿੱਥੇ ਹੋਰ ਵੀ 30 ਘਰ ਹਨ।

ਬੰਟੀ ਦੇ ਮੰਮੀ, ਪਾਪਾ, ਉਸਦੀ ਦੀਦੀ ਸਾਰੇ ਬਹੁਤ ਪਿਆਰ ਕਰਦੇ ਹਨ, ਪਰ ਪਤਾ ਨਹੀਂ ਕਿਉਂ ਦਿਨ-ਬ-ਦਿਨ ਬੰਟੀ ਬਹੁਤ ਜ਼ਿੱਦੀ, ਗੁੱਸੇਖ਼ੋਰ ਅਤੇ ਝਗੜਾਲੂ ਬਣਦਾ ਜਾ ਰਿਹਾ ਏ।

ਅਜੇ ਕੱਲ੍ਹ ਦੀ ਗੱਲ ਏ। ਬੰਟੀ ਆਪਣੇ ਮੰਮੀ ਪਾਪਾ ਨਾਲ਼ ਬਾਜ਼ਾਰ ਗਿਆ ਸੀ। ਉੱਥੇ ਉਸ ਨੇ ਇੱਕ ਸਕੂਟੀ ਵੇਖੀ। ਉਹ ਬਹੁਤ ਮਹਿੰਗੀ ਸੀ ਤੇ ਹੈ ਵੀ ਵੱਡੇ ਬੱਚਿਆਂ ਲਈ ਸੀ, ਪਰ ਬੰਟੀ ਨੇ ਜ਼ਿੱਦ ਫੜ ਲਈ ਕਿ ਉਹ ਇਹ ਸਕੂਟੀ ਲਵੇਗਾ। ਪਾਪਾ ਦੇ ਇਨਕਾਰ ਕਰਨ ’ਤੇ ਉੱਚੀ-ਉੱਚੀ ਰੋਣ ਲੱਗਾ ਤੇ ਫ਼ਰਸ਼ ’ਤੇ ਲੇਟ ਗਿਆ। ਸਭ ਉਸ ਵੱਲ ਵੇਖ ਰਹੇ ਸਨ। ਬੜੀ ਮੁਸ਼ਕਿਲ ਨਾਲ਼ ਮੰਮੀ ਪਾਪਾ ਉਸਨੂੰ ਘਰ ਲੈ ਕੇ ਆਏ, ਪਰ ਉਹ ਆਪਣੀ ਜ਼ਿੱਦ ਨਹੀਂ ਛੱਡ ਰਿਹਾ। ਇਹ ਜੋ ਆਵਾਜ਼ਾਂ ਆ ਰਹੀਆਂ ਨੇ, ਇਹ ਬੰਟੀ ਦੀ ਤੋੜ-ਫੋੜ ਦੀਆਂ ਨੇ...

(ਇੱਕ ਦਰਵਾਜ਼ਾ ਤੜਾਕ ਕਰਕੇ ਖੋਲ੍ਹਦਿਆਂ ਬੰਟੀ ਸਟੇਜ ’ਤੇ ਆਉਂਦਾ ਹੈ, ਉਸ ਨੇ ਇੱਕ ਵੱਡਾ ਮਰਤਬਾਨ ਚੁੱਕਿਆ ਹੋਇਆ ਏ।)

ਬੰਟੀ: ਤੋੜਾਂਗਾ, ਤੋੜਾਂਗਾ, ਤੋੜਾਂਗਾ।

ਮੰਮੀ: (ਉਸਦੇ ਪਿੱਛੇ ਕਾਹਲ਼ੀ-ਕਾਹਲ਼ੀ ਉਸਦੇ ਮੰਮੀ ਆਉਂਦੇ ਨੇ) ਬੰਟੀ ਜੇ ਤੂੰ ਇਹ ਤੋੜਿਆ ਤਾਂ ਵੇਖੀਂ, ਫੇਰ ਮੈਂ ਤੇਰਾ ਕੀ ਹਾਲ ਕਰਦੀ ਆਂ।

ਬੰਟੀ: ਜੇ ਮੇਰੀ ਸਕੂਟੀ ਨਾ ਲਿਆਂਦੀ, ਤਾਂ ਮੈਂ ਸਭ ਕੁਝ ਤੋੜ ਦਿਆਂਗਾ।

ਮੰਮੀ: (ਪਿਆਰ ਨਾਲ਼ ਸਮਝਾਉਂਦਿਆਂ ਹੋਇਆਂ) ਦੇਖ ਬੰਟੀ ਤੈਨੂੰ ਕਿੰਨੀ ਵਾਰ ਦੱਸ ਚੁੱਕੇ ਹਾਂ। ਉਹ ਸਕੂਟੀ ਛੋਟੇ ਬੱਚਿਆਂ ਲਈ ਨਹੀਂ ਏ, ਨਾਲ਼ੇ ਉਹ ਬਹੁਤ ਕੀਮਤੀ ਏ। ਉਹ ਅਸੀਂ ਨਹੀਂ ਖ਼ਰੀਦ ਸਕਦੇ।

ਬੰਟੀ: ਮੈਂ ਇਹ ਵੀ ਤੋੜ ਦਿਆਂਗਾ। (ਗੁੱਸੇ ਵਿੱਚ ਸਾਰੇ ਕਮਰੇ ਵਿੱਚ ਉੱਥਲ-ਪੁੱਥਲ ਕਰ ਦਿੰਦਾ ਹੈ, ਇੱਕ ਫੁਲਦਾਨ ਚੁੱਕ ਕੇ ਸੁੱਟਣ ਲੱਗਦਾ ਹੈ।)

ਮੰਮੀ: (ਗੁੱਸੇ ਵਿੱਚ) ਅੱਛਾ ਫੇਰ ਤੋੜ ਕੇ ਵਿਖਾ।

ਬੰਟੀ: (ਪੂਰੇ ਜ਼ੋਰ ਨਾਲ਼ ਵਗਾਹ ਕੇ ਮਾਰਦਾ ਹੈ, ਉਸਦੇ ਪਾਪਾ ਉਸਨੂੰ ਬੋਚ ਕੇ ਫੜ ਲੈਂਦੇ ਨੇ।)

ਪਾਪਾ: ਨਹੀਂ ਗੌਰੀ ਇਹ ਇੰਵ ਨਹੀਂ ਸਮਝੇਗਾ।

ਮੰਮੀ: ਕਿੰਨੀ ਕਰਾਕਰੀ ਤੋੜ ਦਿੱਤੀ ਏ, ਬਿਸਤਰੇ ਦੀਆਂ ਚਾਦਰ ਥੱਲੇ ਸੁੱਟ ਦਿੱਤੀਆਂ ਨੇ।

ਸ਼ਿਖਾ: (ਰੋਣ ਹਾਕੀ ਹੈ) ਮੰਮਾ ਦੇਖੋ ਮੇਰੀਆਂ ਸਟੋਰੀ ਬੁਕਸ ਫਾੜ ਦਿੱਤੀਆਂ ਨੇ। ਪਰੀਆਂ ਦੇ ਮੂੰਹ ’ਤੇ ਮੁੱਛਾਂ ਬਣਾ ਦਿੱਤੀਆਂ ਨੇ, ਮੈਂ ਇਸ ਨਾਲ਼ ਹੁਣ ਕਦੇ ਨਹੀਂ ਖੇਡਣਾ।

(ਬਾਹਰੋਂ ਮਿਸਜ਼ ਗੁਪਤਾ ਅੰਦਰ ਆਉਂਦੀ ਏ, ਉਹ ਦਰਵਾਜ਼ੇ ਵਿੱਚ ਖਲੋ ਕੇ ਆਖਦੀ ਏ।)

ਮਿਸਜ਼ ਗੁਪਤਾ: ਮਿਸਜ਼ ਗੌਰੀ ਜ਼ਰਾ ਇੱਕ ਮਿੰਟ ਬਾਹਰ ਆ ਕੇ ਵੇਖੋ, ਬੰਟੀ ਨੇ ਸਾਡੀ ਦੀਵਾਰ ’ਤੇ ਕਿੰਵ ਘੁੱਗੂ ਕਾਂਗੜੇ ਬਣਾ ਦਿੱਤੇ ਨੇ। ਅਜੇ ਪਿੱਛਲੇ ਹਫ਼ਤੇ ਅਸੀਂ ਪੇਂਟ ਕਰਵਾਇਆ ਸੀ, ਤੇ...(ਫਿਰ ਉਸਦੀ ਨਜ਼ਰ ਕਮਰੇ ਵਿੱਚ ਹੋਈ ਉੱਥਲ-ਪੁਥਲ ’ਤੇ ਪੈਂਦੀ ਹੈ) ਓ ਮਾਈ ਗੌਡ...ਇਹ ਕੀ?

ਮੰਮੀ: ਇਹ ਬੰਟੀ ਨੇ ਕੀਤਾ ਏ।

ਮਿਸਜ਼ ਗੁਪਤਾ: ਤੁਸੀਂ ਇਸਨੂੰ ਸਮਝਾਉਂਦੇ ਕਿਉਂ ਨਹੀਂ?

ਪਾਪਾ: ਅਸੀਂ ਤੇ ਸਮਝਾ-ਸਮਝਾ ਕੇ ਥੱਕ ਗਏ ਹਾਂ। ਸਮਝ ਨਹੀਂ ਆਉਂਦੀ ਕੀ ਕਰੀਏ, ਹੁਣ ਸਕੂਟੀ ਖ਼ਰੀਦਣ ਦੀ ਜ਼ਿੱਦ ਕਰ ਰਿਹਾ ਏ। ਉਹ ਛੋਟੇ ਬੱਚਿਆਂ ਲਈ ਨਹੀਂ ਏ।

ਮੰਮੀ: ਵੇਖ ਬੰਟੀ ਬੇਟਾ, ਉਹ ਜਦੋਂ ਤੂੰ ਵੱਡਾ ਹੋਵੇਂਗਾ ਫਿਰ ਲੈ ਲਵੀਂ। ਤੂੰ ਅਜੇ ਛੋਟਾ ਬੱਚਾ ਏਂ।

ਬੰਟੀ: ਨਹੀਂ ਮੈਂ ਵੱਡਾ ਬੱਚਾ ਹਾਂ।

ਸ਼ਿਖਾ: ਵੱਡੇ ਬੱਚੇ ਤੇਰੇ ਵਾਂਗ ਬੀਹੇਵ ਨਹੀਂ ਕਰਦੇ।

ਬੰਟੀ: (ਉਸਨੂੰ ਮਾਰਨ ਲਈ ਦੌੜਦਾ ਹੈ, ਪਾਪਾ ਉਸਨੂੰ ਪਕੜ ਲੈਂਦੇ ਹਨ।)

ਪਾਪਾ: ਤੈਨੂੰ ਸਕੂਟੀ ਨਹੀਂ ਮਿਲੇਗੀ, ਨਹੀਂ ਮਿਲੇਗੀ।

ਬੰਟੀ: ਮੈਂ ਲਵਾਂਗਾ, ਅੱਜ ਹੀ ਲਵਾਂਗਾ।

ਮਾਯਾ ਅੰਦਰ ਕਿਚਨ ’ਚੋਂ ਉਸ ਲਈ ਖਾਣਾ ਲੈ ਕੇ ਆਉਂਦੀ ਏ।

ਮਾਯਾ: ਲੈ ਬੰਟੀ ਬੇਟਾ, ਸਭ ਕੁਝ ਭੁੱਲ ਕੇ ਪਹਿਲਾਂ ਰੋਟੀ ਖਾ।

ਬੰਟੀ: ਮੈਂ ਸਕੂਟੀ ਨਹੀਂ ਭੁੱਲ ਸਕਦਾ।

ਮਾਯਾ: ਅੱਛਾ ਉਹ ਵੀ ਲੈ ਲਈਂ, ਪਰ ਪਹਿਲਾਂ ਰੋਟੀ ਤੇ ਖਾ ਲੈ ਉੱਠ ਬੀਬਾ ਪੁੱਤਰ ਵੇਖ ਮੈਂ ਆਲੂ ਗੋਭੀ ਬਣਾ ਕੇ ਲਿਆਈ ਹਾਂ, ਗੁੱਸਾ ਛੱਡ ਤੇ ਗੋਭੀ ਖਾ।

(ਬੰਟੀ ਗੁੱਸੇ ਨਾਲ਼ ਟਰੇਅ ਫੜ ਕੇ ਫ਼ਰਸ਼ ’ਤੇ ਪਟਕਾ ਕੇ ਰੱਖਦਾ ਹੈ।)

ਬੰਟੀ: ਨਹੀਂ ਖਾਣੀ, ਨਹੀਂ ਖਾਣੀ, ਨਹੀਂ ਖਾਣੀ।

ਮਾਯਾ: ਹੋਰ ਕੀ ਖਾਣਾ ਏ ਬੇਟਾ ਦੱਸ, ਮੈਂ ਉਹੋ ਬਣਾ ਦਿੰਦੀ ਆਂ।

ਬੰਟੀ: ਮੈਂ ਸਕੂਟੀ ਲੈਣ ਜਾਊਂਗਾ, ਉੱਥੋਂ ਪੀਜ਼ਾ ਖਾਵਾਂਗਾ।

ਮੰਮੀ: ਤੈਨੂੰ ਪੀਜ਼ਾ ਤੇ ਸਕੂਟੀ ਨਹੀਂ ਸਜ਼ਾ ਮਿਲੇਗੀ। (ਸਾਰੇ ਉਸ ਦੁਆਲ਼ੇ ਘੁੰਮਦੇ ਹੋਏ।)

ਮਾਯਾ: ਇਹ ਨਹੀਂ ਖਾਣਾ, ਉਹ ਨਹੀਂ ਖਾਣਾ, ਆਹ ਵੀ ਲੈਣਾ, ਉਹ ਵੀ ਲੈਣਾ।

(ਦੇਖ ਬੰਟੀ ਇੰਞ ਨਾ ਕਰ।)

ਮੰਮੀ ਪਾਪਾ: ਥੱਕ ਗਏ ਹਾਂ, ਅੱਕ ਗਏ ਹਾਂ।

(ਸਾਰੇ: ਦੇਖ ਬੰਟੀ ਇੰਞ ਨਾ ਕਰ।)

ਦੀਦੀ: ਐਵੇਂ ਤੂੰ ਨਾ ਲੜਿਆ ਨਾ ਕਰ।

ਨਾ ਝੂਠੀ-ਮੂਠੀ ਰੋਇਆ ਕਰ।

ਸਾਰੇ: ਜ਼ਿੱਦ, ਬਹਾਨੇ, ਚੀਕ ਚਿਹਾੜਾ ਨਾ ਕਰ, ਨਾ ਕਰ, ਨਾ ਕਰ।

(ਬਾਹਰੋਂ ਬੈੱਲ ਵੱਜਦੀ ਹੈ, ਗਾਰਡ ਇੱਕ ਵੱਡਾ ਸਾਰਾ ਡੱਬਾ ਲੈ ਕੇ ਆਉਂਦਾ ਹੈ।)

ਗਾਰਡ: ਸਾਹਿਬ ਇਹ ਕੋਰੀਅਰ ਵਾਲ਼ਾ ਦੇ ਕੇ ਗਿਆ ਏ, ਕਹਿ ਰਿਹਾ ਸੀ ਬੰਟੀ ਦੀ ਗਿਫ਼ਟ ਏ।

ਬੰਟੀ: (ਝਪਟ ਕੇ ਡੱਬਾ ਖੋਂਹਦਾ ਹੈ।) ਉਸਨੂੰ ਡੱਬਾ ਬੜਾ ਹਲਕਾ ਲੱਗਦਾ ਹੈ, ਉਹ ਉਸਨੂੰ ਖੜਕਾ ਕੇ ਵੇਖਦਾ ਹੈ। (ਪਾਪਾ ਉਸਦੇ ਹੱਥੋਂ ਡੱਬਾ ਲੈ ਕੇ ਉਲਟਾ-ਪੁਲਟਾ ਕੇ ਵੇਖਦੇ ਹਨ।) ਭੇਜਣ ਵਾਲ਼ੇ ਦਾ ਨਾਂ ਤੇ ਲਿਖਿਆ ਹੀ ਨਹੀਂ, ਬਸ ਇਹ ਇੱਕ ਜੋਕਰ ਦੀ ਤਸਵੀਰ ਬਣੀ ਏ, ਸ਼ਾਇਦ ਕੋਈ ਸਾਫ਼ਟ ਟੋਆਏ ਹੋਏਗਾ।

(ਇੰਨਾ ਸੁਣ ਕੇ ਬੰਟੀ ਡੱਬੇ ਨੂੰ ਚਲਾ ਕੇ ਮਾਰਦਾ ਹੈ।)

ਪਾਪਾ: (ਗੁੱਸੇ ਵਿੱਚ) ਬੰਟੀ ਕਿਸੇ ਦੇ ਭੇਜੇ ਗਿਫ਼ਟ ਨੂੰ ਇੰਞ ਸੁੱਟੀਦਾ ਏ?

ਮੰਮੀ: ਇਹ ਬਹੁਤ ਬਦਤਮੀਜ਼ ਹੋ ਗਿਆ ਏ।

ਗਾਰਡ: ਮੇਮ ਸਾਹਿਬ ਬੰਟੀ ਨੂੰ ਸਮਝਾਓ, ਇਹ ਜਦੋਂ ਵੀ ਪਾਰਕ ਵਿੱਚ ਆਉਂਦਾ ਹੈ, ਕਦੇ ਫੁੱਲ ਤੋੜਦਾ ਏ, ਕਦੇ ਗ਼ਮਲੇ ਉਲਟਾ ਦਿੰਦਾ ਏ, ਪ੍ਰਧਾਨ ਜੀ ਕਹਿ ਰਹੇ ਸਨ ਕਿ ਬੰਟੀ ਦਾ ਪਾਰਕ ਵਿੱਚ ਖੇਡਣਾ ਬੰਦ ਕਰ ਦਿੱਤਾ ਜਾਏ।

ਮਾਯਾ: ਬੰਟੀ ਮੈਂ ਖਾਣਾ ਵਾਪਸ ਲੈ ਕੇ ਜਾ ਰਹੀ ਹਾਂ।

ਸ਼ਿਖ਼ਾ: ਮੈਂ ਤੇਰੇ ਕਮਰੇ ਵਿੱਚ ਹੁਣ ਨਹੀਂ ਰਹਾਂਗੀ, ਮੈਂ ਮੰਮਾ ਦੇ ਕਮਰੇ ਵਿੱਚ ਜਾ ਰਹੀ ਹਾਂ।

ਮੰਮੀ: ਤੂੰ ਇਕੱਲਾ ਰਹਿ ਏਥੇ।

ਬੰਟੀ: ਜਾਓ...ਜਾਓ...ਜਾਓ। ਮੈਨੂੰ ਜਿੰਨੀ ਦੇਰ ਸਕੂਟੀ ਨਹੀਂ ਮਿਲਦੀ, ਮੈਂ ਰੋਟੀ ਨਹੀਂ ਖਾਵਾਂਗਾ, ਨਹੀਂ ਖਾਵਾਂਗਾ, ਨਹੀਂ ਖਾਵਾਂਗਾ।

ਗੌਰੀ ਕਪੂਰ: ਹੁਣ ਏਸ ਬੰਟੀ ਦਾ ਕੀ ਕਰੀਏ, ਨਾ ਹੋਮਵਰਕ ਕਰ ਰਿਹਾ ਏ, ਨਾ ਰੋਟੀ ਖਾ ਰਿਹਾ ਏ, ਚਲੋ ਇਸਨੂੰ ਵਧੀਆ ਜਿਹੀ ਵੀਡੀਓ ਗ਼ੇਮ ਲੈ ਦਿਓ, ਇਸਦਾ ਧਿਆਨ ਕਿਧਰੇ ਹੋਰ ਲੱਗੇਗਾ।

ਸਤੀਸ਼ ਕਪੂਰ: ਨਹੀਂ, ਬੰਟੀ ਦਾ ਇਹ ਤਰੀਕਾ ਬਿਲਕੁਲ ਗ਼ਲਤ ਏ, ਉਸਨੂੰ ਇਹ ਅਹਿਸਾਸ ਕਰਵਾਉਣਾ ਪਵੇਗਾ ਕਿ ਉਹ ਜੋ ਕਰ ਰਿਹਾ ਏ, ਉਹ ਗ਼ਲਤ ਏ। ਉਹ ਜੋ ਮੰਗ ਰਿਹਾ ਏ, ਉਹ ਚੀਜ਼ ਉਸ ਲਈ ਠੀਕ ਨਹੀਂ ਹੈ।

ਗੌਰੀ ਕਪੂਰ: ਫੇਰ ਤੇ ਇਸਦਾ ਇਲਾਜ ਜੁੱਤੀਆਂ ਨਾਲ਼ ਕੁੱਟ ਪਵੇਗੀ ਤਾਂ ਅਕਲ ਟਿਕਾਣੇ ਆਏਗੀ।

ਸਤੀਸ਼ ਕਪੂਰ: ਨਹੀਂ ਗੌਰੀ ਇਹ ਕੁੱਟ ਮਾਰ ਨਾਲ਼ ਨਹੀਂ ਸੁਧਰੇਗਾ।

ਗੌਰੀ ਕਪੂਰ: ਫੇਰ ਕੀ ਕਰੀਏ।

ਸਤੀਸ਼ ਕਪੂਰ: ਇਸਨੂੰ ਇਕੱਲਿਆਂ ਛੱਡ ਦਿੱਤਾ ਜਾਏ, ਇਹ ਰਹੇਗਾ ਇਕੱਲਾ, ਖੇਡੇਗਾ ਇਕੱਲਾ, ਖਾਏਗਾ ਇਕੱਲਾ, ਸੌਂਵੇਗਾ ਇਕੱਲਾ।

(ਇੱਕ-ਇੱਕ ਕਰਕੇ ਸਾਰੇ ਜਾਂਦੇ ਹਨ, ਦਰਵਾਜ਼ੇ ਬੰਦ ਹੁੰਦੇ ਹਨ, ਕੁਝ ਦੇਰ ਬਾਅਦ ਲਾਈਟ ਬਹੁਤ ਘੱਟ ਹੋ ਜਾਂਦੀ ਹੈ। ਹਨੇਰੇ ਵਿੱਚ ਅਜੀਬੋ ਗ਼ਰੀਬ ਆਵਾਜ਼ਾਂ ਉੱਭਰਦੀਆਂ ਹਨ।)

ਬੰਟੀ: ਮੈਂ ਨਹੀਂ ਡਰਦਾ, ਮੈਂ ਨਹੀਂ ਡਰਦਾ।

(ਉਹ ਫ਼ਰਸ਼ 'ਤੇ ਜਾ ਕੇ ਬੈਠ ਜਾਂਦਾ ਹੈ। ਉਸਨੂੰ ਇਕੱਲਿਆਂ ਡਰ ਲੱਗਦਾ ਹੈ। ਕਦੇ ਉਸਨੂੰ ਲੱਗਦਾ ਏ,

ਜਿਵੇਂ ਮੱਕੜੀਆਂ, ਚਮਗਿੱਦੜ, ਉਸਦੇ ਦੁਆਲ਼ੇ ਘੁੰਮ ਰਹੇ ਹੋਣ।)

ਬੰਟੀ: ਮੈਨੂੰ ਡਰ ਨਹੀਂ ਲੱਗ ਰਿਹਾ...

ਮੈਨੂੰ ਡਰ (ਅਚਾਨਕ ਜਿਵੇਂ ਕੋਈ ਚੀਜ਼ ਹਨੇਰੇ ਵਿੱਚ ਉਸ ਨਾਲ਼ ਟਕਰਾ ਜਾਂਦੀ ਹੈ।) ਚੀਕ਼ਦਾ ਹੈ। ਮੰਮੀ... ਮੰਮੀ...। ਉਹ ਦੌੜ ਕੇ ਦਰਵਾਜ਼ਾ ਖੜਕਾਉਂਦਾ ਹੈ। (ਪਰ ਦਰਵਾਜ਼ਾ ਨਹੀਂ ਖੁੱਲ੍ਹਦਾ।)

ਪਾਪਾ...ਪਾਪਾ...! (ਫਿਰ ਉਸਦੀ ਨਜ਼ਰ ਡੱਬੇ ’ਤੇ ਪੈਂਦੀ ਹੈ, ਉਹ ਉਸਨੂੰ ਚੁੱਕ ਲੈਂਦਾ ਹੈ, ਖੋਲ੍ਹਦਾ ਹੈ, ਵਿੱਚੋਂ ਇੱਕ ਜੋਕਰ ਦਾ ਖਿਡੌਣਾ ਨਿਕਲਦਾ ਹੈ, ਬੰਟੀ ਉਸਨੂੰ ਵੇਖ ਕੇ ਗੁੱਸੇ ਨਾਲ਼ ਉਸ ਨੂੰ ਕਮਰੇ ਦੇ ਅੰਦਰ ਵਗਾਹ ਕੇ ਮਾਰਦਾ ਹੈ। ਕਮਰੇ ਵਿੱਚੋਂ ਕੋਈ ਉੱਚੀ-ਉੱਚੀ ਹੱਸਦਾ ਹੈ ਤੇ ਆਖਦਾ ਹੈ, ਬੰਟੀ ਥੈਂਕ ਯੂ।)

ਬੰਟੀ: ਕੌਣ ਏ, ਕੌਣ ਏ ਤੂੰ (ਕਮਰੇ ਵਿੱਚੋਂ ਇੱਕ ਵੱਡਾ ਜੋਕਰ ਨਿਕਲਦਾ ਹੈ, ਜੋ ਬਿਲਕੁਲ ਖਿਡੌਣੇ ਵਰਗਾ ਹੈ।)

ਜੋਕਰ: (ਖੀਂ ਖੀਂ ਖੀਂ ਕਰਨ ਲੱਗਦਾ ਹੈ। ਬੰਟੀ ਚਿੜ੍ਹ ਕੇ ਉਸਨੂੰ ਮੁੱਕੇ ਮਾਰਨ ਲੱਗਦਾ ਹੈ। ਜੋਕਰ ਹੋਰ ਉੱਚੀ-ਉੱਚੀ ਹੱਸਣ ਲੱਗਦਾ ਏ। ਬੰਟੀ ਹੈਰਾਨ ਹੋ ਕੇ ਉਸ ਵੱਲ ਵੇਖਦਾ ਹੈ।)

ਬੰਟੀ: ਤੂੰ ਬੜਾ ਅਜੀਬ ਏਂ। ਮੈਂ ਤੈਨੂੰ ਘਸੁੰਨ ਮਾਰਦਾ ਤੇ ਤੂੰ ਅੱਗੋ ਹੱਸਣ ਲੱਗਦਾ ਏਂ।

ਜੋਕਰ: ਮੈਂ ਅਜੀਬ ਨਹੀਂ, ਜੋਕਰ ਹਾਂ।

ਬੰਟੀ: ਤੈਨੂੰ ਕਿਸ ਨੇ ਭੇਜਿਆ ਏ।

ਜੋਕਰ: ਮੈਨੂੰ ਭੇਜਿਆ ਨਹੀਂ ਗਿਆ, ਮੈਂ ਆਪ ਆਇਆ ਹਾਂ।

ਬੰਟੀ: ਤੂੰ ਮੇਰੇ ਕੋਲ ਕਿਉਂ ਆਇਆ ਏਂ?

ਜੋਕਰ: ਕਿਉਂਕਿ ਤੈਨੂੰ ਮੇਰੀ ਲੋੜ ਏ, ਤੂੰ ਇਕੱਲਾ ਏ, ਤੈਨੂੰ ਹਨੇਰੇ ਤੋਂ ਡਰ ਲੱਗ ਰਿਹਾ ਏ, ਤੂੰ ਖੇਡਣਾ ਚਾਹੁੰਨਾ ਏਂ, ਤੇ ਤੈਨੂੰ ਭੁੱਖ ਵੀ ਲੱਗੀ ਏ।

ਬੰਟੀ: ਨਹੀਂ ਮੈਨੂੰ ਸਿਰਫ਼ ਸਕੂਟੀ ਚਾਹੀਦੀ ਏ।

ਜੋਕਰ: ਤੂੰ ਝੂਠ ਬੋਲ ਰਿਹਾ ਏਂ। ਤੂੰ ਬਹੁਤ ਗ਼ਲਤ ਜ਼ਿੱਦ ਕਰ ਰਿਹਾ ਏਂ। ਵੱਡਿਆਂ ਨਾਲ਼ ਇੰਵ ਨਹੀਂ ਬੋਲਦੇ, ਪਾਪਾ (ਉੱਚੀ ਉਸਦੀ ਨਕਲ ਲਾਉਂਦਾ ਹੈ) ਪਾਪਾ ਨੂੰ ਪਾਪਾ ਜੀ ਆਖੀਦਾ ਹੈ।

(ਬੰਟੀ ਉਸਨੂੰ ਮੁੱਕਾ ਵਿਖਾਂਦਾ ਹੈ।)

ਜੇ ਤੂੰ ਮੇਰੇ ਨਾਲ਼ ਦੁਬਾਰਾ ਇੰਵ ਕੀਤਾ ਤਾਂ ਮੈਂ ਵਾਪਸ ਚੱਲਿਆ ਜਾਵਾਂਗਾ, (ਬੰਟੀ ਗੁੱਸੇ ਨਾਲ਼ ਉਸ ਨੂੰ ਠੁੱਡੇ ਮਾਰਦਾ ਹੈ, ਜੋਕਰ ਬੇਜਾਨ ਹੋ ਕੇ ਡਿੱਗ ਪੈਂਦਾ ਹੈ। ਫਿਰ ਹਨੇਰਾ ਹੋ ਜਾਂਦਾ ਹੈ। ਡਰਾਉਣੀਆਂ ਆਵਾਜ਼ਾਂ ਆਉਣ ਲੱਗਦੀਆਂ ਹਨ। ਛੱਤ ਤੋਂ ਜਿਵੇਂ ਵੱਡੀਆਂ-ਵੱਡੀਆਂ ਕਾਲ਼ੀਆਂ ਮੱਕੜੀਆਂ, ਉਸਦੇ ਦੁਆਲ਼ੇ ਮੰਡਰਾਉਣ ਲੱਗਦੀਆਂ ਹਨ। ਆਸ-ਪਾਸ ਤੋਂ ਜਿਵੇਂ ਭੂਤ ਨਿਕਲ ਕੇ ਉਸ ਨੂੰ ਡਰਾਉਣ ਲੱਗਦੇ ਹਨ।)

ਬੰਟੀ: (ਉੱਚੀ-ਉੱਚੀ) ਮੰਮਾ...ਮੰਮਾ ਜੀ...

(ਪਰ ਕੋਈ ਨਹੀਂ ਆਉਂਦਾ।) ਮੰਮਾ ਮੈਨੂੰ ਡਰ ਲੱਗ ਰਿਹਾ ਏ। ਪਲੀਜ਼ ਮੰਮਾ ਜੀ ਮੈਨੂੰ ਇਕੱਲਿਆਂ ਬਹੁਤ ਡਰ ਲੱਗ ਰਿਹਾ ਏ। ਜੋਕਰ...ਸੌਰੀ...ਮੈਂ ਤੈਨੂੰ ਫੇਰ ਇੰਵ ਠੁੱਡੇ ਨਹੀਂ ਮਾਰਾਂਗਾ...ਪਲੀਜ਼ ਮੇਰੇ ਨਾਲ਼ ਗੱਲਾਂ ਕਰ, ਚਲ ਆਪਾਂ ਦੋਵੇਂ ਖੇਡੀਏ। ਮੈਨੂੰ ਵੀਡੀਓ ਗੇਮ ਨਹੀਂ ਚਾਹੀਦੀ, ਮੈਂ ਤੇਰੇ ਨਾਲ਼ ਖੇਡਾਂਗਾ। ਮੈਂ ਤੈਨੂੰ ਦੁਬਾਰਾ ਕਦੇ ਫ਼ਰਸ਼ ’ਤੇ ਨਹੀਂ ਸੁੱਟਾਂਗਾ।

ਮੈਨੂੰ ਬੜੀ ਭੁੱਖ ਲੱਗੀ ਏ, ਮੈਨੂੰ ਡਰ ਵੀ ਲੱਗਦਾ ਪਿਆ ਏ। ਜੋਕਰ ਪਲੀਜ਼, ਪਲੀਜ਼... ਸੌਰੀ...ਹੁਣ ਮੈਂ ਤੈਨੂੰ ਕਦੇ ਵੀ ਨਹੀਂ ਮਾਰਾਂਗਾ, ਕਦੇ ਫ਼ਰਸ਼ ’ਤੇ ਨਹੀਂ ਸੁੱਟਾਂਗਾ।

ਪਲੀਜ਼ ਮੇਰੇ ਨਾਲ਼ ਦੋਸਤੀ ਕਰ ਲੈ। (ਅਚਾਨਕ ਰੌਸ਼ਨੀ ਆਉਂਦੀ ਹੈ, ਜੋਕਰ ਉੱਠ ਕੇ ਬੈਠ ਜਾਂਦਾ ਹੈ, ਭੂਤ, ਮੱਕੜੀਆਂ ਤੇ ਚਮਗਿੱਦੜ ਗਾਇਬ ਹੋ ਜਾਂਦੇ ਹਨ।)

ਜੋਕਰ: ਬੰਟੀ ਤੂੰ ਕੀ ਕਹਿ ਰਿਹਾ ਸੀ, ਸੌਰੀ, ਪਲੀਜ਼, ਦੋਸਤੀ?

ਬੰਟੀ: ਹਾਂ, ਪਰੋਮਿਸ਼ ਮੈਂ ਤੈਨੂੰ ਹੁਣ ਕਦੇ ਫ਼ਰਸ਼ ’ਤੇ ਨਹੀਂ ਸੁੱਟਾਂਗਾ।

ਜੋਕਰ: ਤੇ ਨਾ ਝੂਠ ਬੋਲਾਂਗਾ, ਤੇ ਨਾ ਹੀ ਝੂਠੀ-ਮੂਠੀ ਰੋਵਾਂਗਾ।

ਬੰਟੀ: (ਹੱਸ ਕੇ) ਹਾਂ ਹੁਣ ਕਦੇ ਝੂਠੀ-ਮੂਠੀ

ਨਹੀਂ ਰੋਵਾਂਗਾ।

ਜੋਕਰ: ਜੇ ਤੂੰ ਪਰੋਮਿਸ਼ ਤੋੜਿਆ ਤਾਂ ਮੈਂ ਵਾਪਸ ਜਾਵਾਂਗਾ।

ਬੰਟੀ: ਜੇ ਤੂੰ ਮੇਰੇ ਨਾਲ਼ ਖੇਡੇਂਗਾ ਤਾਂ ਮੈਂ ਸਕੂਟੀ ਵੀ ਨਹੀਂ ਮੰਗਾਗਾ।

ਜੋਕਰ: ਕਿਉਂ...?

ਬੰਟੀ: ਕਿਉਂਕਿ ਉਹ ਵੱਡੇ ਬੱਚਿਆਂ ਲਈ ਏ।

ਜੋਕਰ: ਤੇ ਤੂੰ...

ਬੰਟੀ: ਮੈਂ ਤੇ ਅਜੇ ਬੰਟੀ ਹਾਂ।

(ਦੋਵੇਂ ਹੱਸਦੇ ਹਨ, ਸੰਗੀਤ ਉੱਭਰਦਾ ਹੈ, ਦੋਵੇਂ ਡਾਂਸ ਕਰਦੇ-ਕਰਦੇ ਕਮਰਾ ਠੀਕ ਕਰਦੇ ਹਨ। ਬੰਟੀ ਖ਼ੁਸ਼ ਹੋ ਕੇ ਮੰਮੀ-ਪਾਪਾ ਨੂੰ ਬੁਲਾਉਂਦਾ ਹੈ।)

ਬੰਟੀ: ਮੰਮਾ ਜੀ, ਪਾਪਾ ਜੀ, ਦੇਖੋ ਮੇਰਾ ਨਵਾਂ ਦੋਸਤ ਮੇਰਾ ਪਿਆਰਾ ਦੋਸਤ, ਮੰਮਾ ਜੀ ਪਲੀਜ਼ ਦਰਵਾਜ਼ਾ ਖੋਲ੍ਹੋ ਨਾ ਪਾਪਾ ਜੀ, ਦੀਦੀ ਪਲੀਜ਼...

(ਦਰਵਾਜ਼ਾ ਖੁੱਲ੍ਹਦਾ ਸਾਰੇ ਅੰਦਰ ਆਉਂਦੇ ਹਨ, ਜੋਕਰ ਝੱਟ ਕਮਰੇ ਵਿੱਚੋਂ ਅਲੋਪ ਹੋ ਜਾਂਦਾ ਹੈ।)

ਮੰਮਾ: ਆਈ ਐਮ ਸੌਰੀ, ਪਾਪਾ ਸੌਰੀ, ਦੀਦੀ ਪਲੀਜ਼ ਪਲੀਜ਼ ਅੱਬਾ, ਅੱਬਾ, ਪਰੋਮਿਸ਼ ਮੈਂ ਕਦੇ ਤੇਰੀਆਂ ਬੁਕਸ ਖ਼ਰਾਬ ਨਹੀਂ ਕਰਾਂਗਾ। ਚੱਲ ਆ ਵੇਖ ਮੇਰਾ ਨਵਾਂ ਦੋਸਤ। ਉਹ ਗੱਲਾਂ ਵੀ ਕਰਦਾ ਏ ਤੇ ਡਾਂਸ ਵੀ।

ਸ਼ਿਖਾ: ਕਿੱਥੇ ਏ ਤੇਰਾ ਦੋਸਤ?

ਬੰਟੀ: ਹੁਣੇ ਤਾਂ ਏਥੇ ਸੀ ਕਿੱਧਰ ਗਿਆ ਕਿੱਧਰ ਗਿਆ। ਸ਼ਾਇਦ ਕਮਰੇ ਵਿੱਚ ਲੁਕ ਗਿਆ ਹੋਣਾ। (ਉਹ ਕਮਰੇ ਦੇ ਅੰਦਰ ਜਾਂਦਾ ਹੈ ਤੇ ਅੰਦਰੋਂ ਇੱਕ ਨਿੱਕਾ ਜਿਹਾ ਜੋਕਰ ਦਾ ਖਿਡੌਣਾ ਲੈ ਕੇ ਆਉਂਦਾ ਹੈ।) ਇਹ ਫੇਰ ਇੰਨਾ ਨਿੱਕਾ ਕਿਵੇਂ ਹੋ ਗਿਆ?

ਪਾਪਾ: ਜੋਕਰ ਤਾਂ ਨਿੱਕਾ ਹੋ ਗਿਆ, ਪਰ ਤੂੰ ਹੁਣ ਵੱਡਾ ਵੀ ਹੋ ਗਿਆ ਏਂ ਤੇ ਸਿਆਣਾ ਵੀ। (ਸਾਰੇ ਹੱਸਦੇ ਹਨ।)

(ਸਾਰੇ ਖ਼ੁਸ਼ ਹੁੰਦੇ ਹਨ, ਸੰਗੀਤ ਉੱਭਰਦਾ ਹੈ। ਸਾਰੇ ਇੱਕ ਦੂਜੇ ਦਾ ਹੱਥ ਫੜ ਕੇ ਦਾਇਰੇ ਵਿੱਚ ਘੁੰਮਦੇ ਹਨ। ਪਰਦਾ ਡਿੱਗਦਾ ਹੈ।)

ਸਤਪਾਲ ਕੌਰ
94646-22588



# ਬੱਦਲ

ਕਾਲ਼ੇ-ਕਾਲ਼ੇ ਬੱਦਲ, ਅਸਮਾਨੀ ਛਾ ਗਏ
ਜੋ ਗੜ੍ਹ-ਗੜ੍ਹ ਕਰਕੇ, ਸੁਨੇਹਾ ਲਾ ਗਏ।

ਜ਼ੋਰ-ਸ਼ੋਰ ਨਾਲ਼, ਕਹਿੰਦੇ ਮੀਂਹ ਪਾਵਾਂਗੇ,
ਪਸ਼ੂ, ਪੰਛੀਆਂ ਦੀ ਵੀ, ਪਿਆਸ ਬੁਝਾਵਾਂਗੇ,
ਕੰਨਾਂ ਵਿੱਚ ਸੰਦੇਸ਼, ਸਭਨਾਂ ਦੇ ਪਾ ਗਏ।
ਕਾਲ਼ੇ-ਕਾਲ਼ੇ ਬੱਦਲ ਅਸਮਾਨੀ ਛਾ ਗਏ।

ਨਦੀਆਂ ਤਾਲਾਬਾਂ ਨੂੰ, ਵੀ ਭਰ ਜਾਵਾਂਗੇ,
ਵਹਿੰਦੇ ਇਹਨਾਂ ਨੂੰ, ਅਸੀਂ ਕਰ ਜਾਵਾਂਗੇ,
ਵਰ੍ਹਾਂਗੇ ਵੀ ਜ਼ਰੂਰ, ਕਰ ਵਾਅਦਾ ਗਏ।
ਕਾਲ਼ੇ-ਕਾਲ਼ੇ ਬੱਦਲ ਅਸਮਾਨੀ ਛਾ ਗਏ।

ਖੇਤਾਂ ਅੰਦਰ ਫ਼ਸਲਾਂ, ਵੀ ਲਹਿਰਾਵਾਂਗੇ,
ਬਾਗ਼ ਬਗ਼ੀਚੇ ਸਾਰੇ, ਹੀ ਮਹਿਕਾਵਾਂਗੇ,
ਪੌਣ ਨੇ ਠੰਢੀ-ਠੰਢੀ, ਜਿਹੀ ਚਲਾ ਗਏ।
ਕਾਲ਼ੇ-ਕਾਲ਼ੇ ਬੱਦਲ ਅਸਮਾਨੀ ਛਾ ਗਏ।

ਕਹਿ ਗਏ ਆਪਣਾ, ਫ਼ਰਜ਼ ਨਿਭਾਵਾਂਗੇ,
ਕੁਦਰਤ ਰਾਣੀ ਨੂੰ ਵੀ, ਅਸੀਂ ਬਚਾਵਾਂਗੇ,
ਫਰਜ਼ ਨਿਭਾਉਣੇ, 'ਸਤ' ਨੂੰ ਸਿਖਾ ਗਏ।
ਕਾਲ਼ੇ-ਕਾਲ਼ੇ ਬੱਦਲ ਅਸਮਾਨੀ ਛਾ ਗਏ।

ਮਹਿੰਦਰ ਸਿੰਘ ਕੈਂਥ
94642-55003



# ਸਿਆਣੀ

ਗੁਆਂਢੀਆਂ ਦੀ ਬਹੂ ਆਪਣੀਆਂ ਦੋਹਾਂ ਕੁੜੀਆਂ ਨੂੰ ਦੁਕਾਨ ਤੋਂ ਇੱਕ-ਇੱਕ ਪੈਕਟ ਕੁਰਕਰਿਆਂ ਦਾ ਦੁਆ ਕੇ ਸਾਡੇ ਘਰ ਮੂਹਰਿਓਂ ਲੰਘ ਰਹੀ ਸੀ। ਇੱਕ ਕੁੜੀ ਛੇ ਕੁ ਸਾਲਾਂ ਦੀ ਤੇ ਦੂਜੀ ਚਾਰ ਕੁ ਸਾਲਾਂ ਦੀ ਹੋਵੇਗੀ।

ਮੈਂ ਤੇ ਮੇਰੀ ਪਤਨੀ ਗੇਟ ਖੋਲ੍ਹ ਕੇ ਗੈਲਰੀ ਵਿੱਚ ਬੈਠੇ ਸਾਂ। ਉਹ ਦੋਵੇਂ ਕੁੜੀਆਂ ਰੋਜ਼ ਦੀ ਤਰ੍ਹਾਂ ਸਾਨੂੰ ਮਿਲਣ ਆ ਗਈਆਂ। ਮੈਂ ਛੋਟੀ ਕੁੜੀ ਦੇ ਹੱਥ ਵਿੱਚ ਕੁਰਕਰਿਆਂ ਦਾ ਪੈਕਟ ਦੇਖ ਕੇ ਉਸ ਨੂੰ ਕਿਹਾ, ‘‘ਅੱਛਾ ਪੁੱਤ, ਐਂ ਦੱਸ...ਜੋ ਮੈਂ ਕਹਾਂ ਤੂੰ ਮੰਨੇਂਗੀ?’’

‘‘ਹਾਂ।’’ ਉਹ ਇੱਕ ਦਮ ਬੋਲੀ।

‘‘ਆਹ ਕੁਰਕਰੇ ਨਾ ਖਾਇਆ ਕਰ...।’’

‘‘ਕਿਉਂ?’’ ਉਸਨੇ ਟੋਕਦਿਆਂ ਮੈਨੂੰ ਪੁੱਛਿਆ।

‘‘ਪੁੱਤ, ਇਹ ਕੁਰਕਰੇ ਬਹੁਤ ਗੰਦੀ ਚੀਜ਼ ਹੁੰਦੀ ਐ, ਇਹਦੇ ਨਾਲ਼ ਬੱਚੇ ਬੀਮਾਰ ਹੋ ਜਾਂਦੇ ਨੇ।’’

‘‘ਠੀਕ ਐ।’’ ਉਹ ਮੇਰੀ ਗੱਲ ਨਾਲ਼ ਸਹਿਮਤ ਹੁੰਦਿਆਂ ਬੋਲੀ।

‘‘ਚੱਲ...ਅੱਜ ਤਾਂ ਇਹ ਖਾ ਲੈ, ਪਰ ਅੱਗੇ ਤੋਂ ਨਾ ਖਾਈਂ, ਚੰਗਾ?’’ ਮੈਂ ਉਸਨੂੰ ਪਿਆਰ ਨਾਲ਼ ਕਿਹਾ।

‘‘ਨਹੀਂ ਖਾਂਦੀ।’’ ਕਹਿਕੇ ਉਹ ਮੇਰੀ ਬਾਹਵਾਂ ਵਿੱਚੋਂ ਨਿਕਲ ਕੇ ਕੁਰਕਰਿਆਂ ਦਾ ਪੈਕਟ ਆਪਣੀ ਮਾਂ ਵੱਲ ਵਗਾਹ ਕੇ ਮਾਰਦਿਆਂ ਬੋਲੀ, ‘‘ਮੰਮਾ, ਆਹ ਚੱਕ, ਮੈਂ ਨੀ ਖਾਣਾ, ਦਾਦੂ ਕਹਿੰਦੇ ਖਾਇਆ ਨਾ ਕਰ।’’

ਅਸੀਂ ਸਾਰੇ ਉਸ ਵੱਲ ਦੇਖ ਕੇ ਹੈਰਾਨ ਰਹਿ ਗਏ। ਮੈਂ ਆਪਣੀ ਪਤਨੀ ਨੂੰ ਕਿਹਾ, ‘‘ਦੇਖ ਲਓ, ਅਜੇ ਤਾਂ ਇਹ ਨਿਆਣੀ ਐ।’’

‘‘ਇਹ ਨਿਆਣੀ ਨਿਊਂਣੀ ਕੋਈ ਨੀ, ਇਹ ਤਾਂ ਮੇਰੀ ਧੀ ਬਹੁਤ ਸਿਆਣੀ ਐ। ਮੇਰਾ ਪੁੱਤ ਹੁਣ ਨਾ ਖਾਇਆ ਕਰੀਂ ਕੁਰਕਰੇ।’’ ਮੇਰੀ ਪਤਨੀ ਨੇ ਉਸ ਨੂੰ ਜੱਫ਼ੀ ਵਿੱਚ ਲੈਂਦਿਆਂ ਘੁੱਟ ਕੇ ਪਿਆਰ ਦਿੰਦਿਆਂ ਕਿਹਾ।

‘‘ਹੁਣ ਮੈਂ ਕਦੇ ਨੀਂ ਖਾਣੇ ਕੁਰਕਰੇ।’’ ਆਖਕੇ ਉਹ ਸਾਡੇ ਕੋਲ਼ੋਂ ਤੁਰਦੀ ਲੱਗੀ।

ਦੂਜੇ ਦਿਨ ਉਹ ਫਿਰ ਦੁਕਾਨ ਤੋਂ ਕੋਈ ਚੀਜ਼ ਲੈ ਕੇ ਮੁੜਦਿਆਂ ਮੇਰੇ ਕੋਲ਼ ਆ ਕੇ ਕਹਿਣ ਲੱਗੀ, ‘‘ਦਾਦੂ, ਅੱਜ ਮੈਂ ਆਹ (ਚਾਕਲਟ ਦਿਖਾ ਕੇ) ਲਿਐ, ਕੁਰਕਰੇ ਨੀ ਲਏ।’’

‘‘ਸ਼ਾਬਾਸ਼!’’ ਮੈਂ ਉਸ ਦੀ ਪਿੱਠ ’ਤੇ ਥਾਪੀ ਦਿੱਤੀ ਤੇ ਉਹ ਬਾਏ-ਬਾਏ ਕਹਿ ਕੇ ਆਪਣੇ ਘਰ ਨੂੰ ਦੌੜ ਗਈ।

ਰੂਸੀ ਲੋਕ ਕਹਾਣੀ

ਅਨੁ: ਕਰਨਜੀਤ ਸਿੰਘ



# ਨਿੱਕੀ ਜਿਹੀ ਹਾਵਰੋਸ਼ੇਚਕਾ

ਦੁਨੀਆ ਵਿੱਚ ਚੰਗੇ ਲੋਕ ਵੀ ਹਨ ਤੇ ਉਹ ਵੀ ਜਿਹੜੇ ਬਹੁਤੇ ਚੰਗੇ ਨਹੀਂ, ਪਰ ਦੁਨੀਆ ਵਿੱਚ ਐਸੇ ਲੋਕ ਵੀ ਹਨ, ਜਿਨ੍ਹਾਂ ਨੂੰ ਆਪਣੀਆਂ ਕਾਲ਼ੀਆਂ ਕਰਤੂਤਾਂ ਦੀ ਕੋਈ ਸ਼ਰਮ ਹਯਾ ਹੀ ਨਹੀਂ।

ਨਿੱਕੀ ਜਿਹੀ ਹਾਵਰੋਸ਼ੇਚਕਾ ਦੀ ਕਿਸਮਤ ਮਾੜੀ ਕਿ ਉਹ ਏਹੋ ਜਿਹੇ ਲੋਕਾਂ ਦੇ ਟੇਟੇ ਚੜ੍ਹ ਗਈ। ਉਹ ਯਤੀਮ ਸੀ ਤੇ ਇਨ੍ਹਾਂ ਲੋਕਾਂ ਨੇ ਉਹਨੂੰ ਲੈ ਲਿਆ ਤੇ ਉਹਨੂੰ ਪਾਲ਼ਿਆ, ਪਰ ਸਿਰਫ਼ ਉਹਦੇ ਕੋਲ਼ੋਂ ਕੰਮ ਕਰਵਾਉਣ ਲਈ ਹੀ। ਉਹ ਕੱਪੜਾ ਬੁਣਦੀ ਤੇ ਸੂਤ ਕੱਤਦੀ, ਘਰ ਦਾ ਸਾਰਾ ਕੰਮ ਕਰਦੀ ਤੇ ਉਹ ਥੱਕ ਟੁੱਟ ਜਾਂਦੀ। ਗੱਲ ਕੀ ਹਰ ਚੀਜ਼ ਦੀ ਜ਼ਿੰਮੇਵਾਰੀ ਉਹਦੇ ਉੱਤੇ ਹੀ ਸੀ।

ਘਰ ਦੀ ਮਾਲਕਣ ਦੀਆਂ ਤਿੰਨ ਧੀਆਂ ਸਨ। ਸਭ ਤੋਂ ਵੱਡੀ ਧੀ ਦਾ ਨਾਂ ਸੀ ਇੱਕ-ਅੱਖੀ, ਦੂਜੀ ਦਾ ਦੋ-ਅੱਖੀ ਤੇ ਸਭ ਤੋਂ ਛੋਟੀ ਦਾ ਤਿੰਨ-ਅੱਖੀ।

ਤਿੰਨੇ ਭੈਣਾਂ ਸਾਰਾ ਦਿਨ ਕੱਖ ਭੰਨ ਕੇ ਦੂਹਰਾ ਨਾ ਕਰਦੀਆਂ, ਬਸ ਫਾਟਕ ਦੇ ਕੋਲ਼ ਬੈਠੀਆਂ ਰਹਿੰਦੀਆਂ ਤੇ ਕੋਈ ਗਲ਼ੀ ਵਿੱਚੋਂ ਲੰਘਦਾ ਆਉਂਦਾ ਹੁੰਦਾ ਕਰਦਾ ਵੇਖਦੀਆਂ ਰਹਿੰਦੀਆਂ ਅਤੇ ਨਿੱਕੀ ਜਿਹੀ ਹਾਵਰੋਸ਼ੇਚਕਾ ਉਹਨਾਂ ਵਾਸਤੇ ਸਿਉਂਦੀ-ਪਰੋਂਦੀ, ਕੱਤਦੀ-ਬੁਣਦੀ ਤੇ ਵੱਟੇ ਵਿੱਚ ਉਹਨੂੰ ਕਦੇ ਦੋ ਮਿੱਠੇ ਬੋਲ ਵੀ ਨਾ ਜੁੜਦੇ।

ਕਦੇ-ਕਦੇ ਨਿੱਕੀ ਜਿਹੀ ਹਾਵਰੋਸ਼ੇਚਕਾ ਖੇਤ ਵਿੱਚ ਚਲੀ ਜਾਂਦੀ, ਆਪਣੀਆਂ ਬਾਹਵਾਂ ਆਪਣੀ ਡੱਬ-ਖੜੱਬੀ ਗਊ ਦੀ ਧੌਣ ਦੁਆਲ਼ੇ ਵਲ਼ ਦਿੰਦੀ ਤੇ ਆਪਣੇ ਸਾਰੇ ਦੁੱਖ ਉਹਦੇ ਅੱਗੇ ਰੋ ਦਿੰਦੀ।

"ਮੇਰੀ ਪਿਆਰੀ ਡੱਬ ਖੜੱਬੀਏ!" ਉਹ ਆਖਦੀ। "ਉਹ ਮੈਨੂੰ ਮਾਰਦੇ ਨੇ ਤੇ ਝਿੜਕਾਂ ਦਿੰਦੇ ਨੇ, ਉਹ ਮੈਨੂੰ ਢਿੱਡ ਭਰਕੇ ਖਾਣ ਨੂੰ ਨਹੀਂ ਦਿੰਦੇ ਤੇ ਫੇਰ ਮੈਨੂੰ ਰੋਣ ਵੀ ਨਹੀਂ ਦਿੰਦੇ। ਮੈਂ ਭਲਕ ਤਾਈਂ ਪੰਜ ਪੂਡ ਸਣਕੜਾ ਕਤਣਾ, ਬੁਣਨਾ, ਖੁੰਬ ਚਾੜਨਾ ਤੇ ਥਾਨਾਂ ਵਿੱਚ ਵਲ੍ਹੇਟਣਾ ਏਂ।"

ਤੇ ਜਵਾਬ ਵਿੱਚ ਗਊ ਉਹਨੂੰ ਕਹਿੰਦੀ:

"ਮੇਰੀਏ ਸੁਹਣੀਏ ਲਾਡੋ, ਤੂੰ ਬਸ ਮੇਰੇ ਇੱਕ ਕੰਨ ਵਿੱਚ ਵੜ ਜਾ ਤੇ ਦੂਜੇ ਵਿੱਚੋਂ ਆ ਜਾ, ਤੇ ਤੇਰਾ ਸਾਰਾ ਕੰਮ ਆਪੇ ਹੋ ਜਾਏਗਾ।"

ਤੇ ਜਿੰਦਾ ਡੱਬ ਖੜੱਬੀ ਕਹਿੰਦੀ, ਉਸ ਤਰ੍ਹਾਂ ਹੀ ਹੁੰਦੀ। ਨਿੱਕੀ ਜਿਹੀ ਹਾਵਰੋਸ਼ੇਚਕਾ ਗਊ ਦੇ ਇੱਕ ਕੰਨ

ਵਿੱਚ ਵੜਦੀ ਤੇ ਦੂਜੇ ਵਿੱਚੋਂ ਬਾਹਰ ਆ ਜਾਂਦੀ ਤੇ ਕੀ ਵੇਖਦੀ! ਬੁਣਿਆ, ਖੁੰਬ ਚੜ੍ਹਿਆ ਤੇ ਥਾਨਾਂ ਵਿੱਚ ਵਲ੍ਹੇਟਿਆ ਕੱਪੜਾ ਤਿਆਰ ਹੁੰਦਾ।

ਨਿੱਕੀ ਜਿਹੀ ਹਾਵਰੋਸ਼ੇਚਕਾ ਕੱਪੜੇ ਦੇ ਥਾਨ ਆਪਣੀ ਮਾਲਕਣ ਕੋਲ਼ ਲੈ ਆਉਂਦੀ, ਜਿਹੜੀ ਕੱਪੜੇ ਵੱਲ ਨਜ਼ਰ ਮਾਰਦੀ ਤੇ ਬੁੜਬੁੜ ਕਰਦੀ ਤੇ ਥਾਨ ਸੰਦੂਕ ਵਿੱਚ ਸਾਂਭ ਲੈਂਦੀ ਤੇ ਨਿੱਕੀ ਜਿਹੀ ਹਾਵਰੇਸ਼ੇਚਕਾ ਨੂੰ ਹੋਰ ਵੀ ਬਹੁਤ ਕੰਮ ਦੇ ਦਿੰਦੀ।

ਨਿੱਕੀ ਜਿਹੀ ਹਾਵਰੋਸ਼ੇਚਕਾ ਡੱਬ ਖੜੱਬੀ ਕੋਲ਼ ਜਾਂਦੀ, ਆਪਣੀਆਂ ਬਾਹਵਾਂ ਉਹਦੀ ਧੌਣ ਦੁਆਲ਼ੇ ਵਲ਼ ਦਿੰਦੀ ਤੇ ਉਸਨੂੰ ਥਾਪੜਦੀ, ਉਹਦੇ ਇੱਕ ਕੰਨ ਵਿੱਚ ਵੜ ਜਾਂਦੀ ਤੇ ਦੂਜੇ ਵਿੱਚੋਂ ਬਾਹਰ ਨਿਕਲ ਆਉਂਦੀ। ਆਪਣਾ ਤਿਆਰ ਕੱਪੜਾ ਚੁਕਦੀ ਤੇ ਲਿਆਕੇ ਫੇਰ ਆਪਣੀ ਮਾਲਕਣ ਅੱਗੇ ਧਰ ਦਿੰਦੀ।

ਇੱਕ ਦਿਨ ਬੁੱਢੀ ਨੇ ਆਪਣੀ ਧੀ ਇੱਕ-ਅੱਖੀ ਨੂੰ ਆਪਣੇ ਕੋਲ਼ ਸੱਦਿਆ ਤੇ ਕਿਹਾ:

''ਮੇਰੀ ਬੀਬੀ ਧੀ, ਮੇਰੀ ਸੁਹਣੀ ਧੀ, ਜਾ ਕੇ ਵੇਖ ਭਲਾਂ ਏਹਦੇ ਕੰਮ ਵਿੱਚ ਕੌਣ ਹੱਥ ਵਟਾਉਂਦਾ ਏ। ਪਤਾ ਕਰ ਖਾਂ ਸੂਤ ਕੌਣ ਕੱਤਦਾ ਏ, ਕੱਪੜਾ ਕੌਣ ਉਣਦਾ ਏ ਤੇ ਥਾਨ ਕੌਣ ਵਲ੍ਹੇਟਦਾ ਏ।''

ਇੱਕ-ਅੱਖੀ ਨਿੱਕੀ ਜਿਹੀ ਹਾਵਰੋਸ਼ੇਚਕਾ ਨਾਲ਼ ਜੰਗਲ ਵਿੱਚ ਗਈ ਤੇ ਉਹ ਉਹਦੇ ਨਾਲ਼ ਖੇਤਾਂ ਵਿੱਚ ਗਈ, ਪਰ ਉਹ ਆਪਣੀ ਮਾਂ ਦਾ ਦੱਸਿਆ ਕੰਮ ਭੁੱਲ ਗਈ ਤੇ ਉਹ ਘਾਹ ਤੇ ਲੰਮੀ ਪੈ ਗਈ ਤੇ ਧੁੱਪ ਸੇਕਣ ਲੱਗ ਪਈ ਤੇ ਹਾਵਰੋਸ਼ੇਚਕਾ ਨੇ ਗੁਣਗੁਣਾਇਆ:

''ਸੌਂ ਜਾ, ਨਿੱਕੀ ਅੱਖੀਏ, ਸੌਂ ਜਾ!''

ਇੱਕ-ਅੱਖੀ ਨੇ ਆਪਣੀ ਅੱਖ ਮੀਟ ਲਈ ਤੇ ਉਹ ਸੌਂ ਗਈ। ਜਦੋਂ ਉਹ ਸੁੱਤੀ ਪਈ ਸੀ, ਉਦੋਂ ਡੱਬ ਖੜੱਬੀ ਨੇ ਕੱਪੜਾ ਬੁਣਿਆ, ਖੁੰਬ ਚਾੜ੍ਹਿਆ ਤੇ ਥਾਨ ਵਲ੍ਹੇਟ ਦਿੱਤੇ।

ਮਾਲਕਣ ਨੂੰ ਕੱਖ ਵੀ ਪਤਾ ਨਾ ਲਗਾ, ਸੋ ਉਹਨੇ ਆਪਣੀ ਦੂਜੀ ਧੀ, ਦੋ-ਅੱਖੀ ਨੂੰ ਸੱਦਿਆ:

''ਮੇਰੀ ਬੀਬੀ ਧੀ, ਮੇਰੀ ਸੁਹਣੀ ਧੀ, ਜਾ ਕੇ ਵੇਖ ਭਲਾਂ ਕੰਮ ਵਿੱਚ ਏਸ ਯਤੀਮ ਦਾ ਕੌਣ ਹੱਥ ਵਟਾਉਂਦਾ ਏ।''

ਦੋ-ਅੱਖੀ ਨਿੱਕੀ ਜਿਹੀ ਹਾਵਰੋਸ਼ੇਚਕਾ ਦੇ ਨਾਲ਼ ਗਈ, ਪਰ ਉਹ ਆਪਣੀ ਮਾਂ ਦਾ ਦੱਸਿਆ ਕੰਮ ਭੁੱਲ ਗਈ। ਉਹ ਘਾਹ ਤੇ ਲੰਮੀ ਪੈ ਗਈ ਤੇ ਧੁੱਪ ਸੇਕਣ ਲੱਗੀ ਤੇ ਨਿੱਕੀ ਜਿਹੀ ਹਾਵਰੇਸ਼ੇਚਕਾ ਨੇ ਗੁਣਗੁਣਾਇਆ:

''ਸੌਂ ਜਾ, ਨਿੱਕੀ ਅੱਖੀਏ! ਸੌਂ ਜਾ, ਦੂਜੀ ਨਿੱਕੀ ਅੱਖੀਏ!''

ਦੋ-ਅੱਖੀ ਨੇੜੇ ਆਪਣੀਆਂ ਅੱਖਾਂ ਮੀਟੀਆਂ ਤੇ ਉਹ ਉਂਘਲਾਉਣ ਲੱਗ ਪਈ। ਜਦੋਂ ਉਹ ਸੁੱਤੀ ਪਈ ਸੀ, ਉਦੋਂ ਡੱਬ ਖੜੱਬੀ ਨੇ ਕੱਪੜਾ ਬੁਣਿਆ, ਖੁੰਭ ਚਾੜ੍ਹਿਆ ਤੇ ਥਾਨ ਵਲ੍ਹੇਟ ਦਿੱਤੇ।

ਬੁੱਢੀ ਨੂੰ ਗੁੱਸਾ ਚੜ੍ਹਿਆ ਤੇ ਤੀਜੇ ਦਿਨ ਉਸ ਨੇ ਆਪਣੀ ਤੀਜੀ ਧੀ, ਤਿੰਨ-ਅੱਖੀ ਨੂੰ, ਨਿੱਕੀ ਜਿਹੀ ਹਾਵਰੋਸ਼ੇਚਕਾ ਦੇ ਨਾਲ਼ ਜਾਣ ਲਈ ਆਖਿਆ, ਜਿਸ ਨੂੰ ਉਹਨੇ ਅੱਜ ਪਹਿਲਾਂ ਨਾਲ਼ੋਂ ਵੀ ਬਹੁਤ ਕੰਮ ਦੇ ਦਿੱਤਾ ਸੀ।

ਤਿੰਨ-ਅੱਖੀ ਧੁੱਪ ਵਿੱਚ ਖੇਡਦੀ ਤੇ ਨੱਚਦੀ-ਟੱਪਦੀ ਰਹੀ ਤੇ ਅਖ਼ੀਰ ਉਹ ਏਨਾ ਥੱਕ ਗਈ ਕਿ ਉਹ ਘਾਹ ਉੱਤੇ ਲੰਮੀ ਪੈ ਗਈ ਤੇ ਨਿੱਕੀ ਜਿਹੀ ਹਾਵਰੋਸ਼ੇਚਕਾ ਨੇ ਲੋਰੀ ਗਾਈ:

''ਸੌਂ ਜਾ, ਨਿੱਕੀ ਅੱਖੀਏ! ਸੌਂ ਜਾ, ਦੂਜੀ ਨਿੱਕੀ ਅੱਖੀਏ!''

ਪਰ ਉਹ ਤੀਜੀ ਨਿੱਕੀ ਅੱਖ ਬਾਰੇ ਭੁੱਲ ਹੀ ਗਈ।

ਤਿੰਨ-ਅੱਖੀ ਦੀਆਂ ਦੋ ਅੱਖਾਂ ਸੌਂ ਗਈਆਂ, ਪਰ ਤੀਜੀ ਅੱਖ ਵੇਖਦੀ ਰਹੀ ਤੇ ਉਹਨੇ ਸਭ ਕੁਝ ਵੇਖ ਲਿਆ। ਉਹਨੇ ਵੇਖਿਆ ਕਿ ਨਿੱਕੀ ਜਿਹੀ ਹਾਵਰੋਸ਼ੇਚਕਾ ਗਊ ਦੇ ਇੱਕ ਕੰਨ ਵਿੱਚ ਵੜਦੀ ਹੈ ਤੇ ਦੂਜੇ ਵਿੱਚੋਂ ਨਿਕਲ ਆਉਂਦੀ ਹੈ ਤੇ ਤਿਆਰ ਕੱਪੜਾ ਚੁੱਕ ਲੈਂਦੀ ਹੈ।

ਤਿੰਨ-ਅੱਖੀ ਘਰ ਆਈ ਤੇ ਉਹਨੇ ਜੋ ਕੁਝ ਵੇਖਿਆ ਸੀ ਆਪਣੀ ਮਾਂ ਨੂੰ ਦੱਸ ਦਿੱਤਾ। ਬੁੱਢੀ ਬੜੀ ਖ਼ੁਸ਼ ਹੋਈ ਅਤੇ ਅਗਲੇ ਦਿਨ ਉਹ ਆਪਣੇ ਘਰ ਵਾਲ਼ੇ

ਕੋਲ਼ ਗਈ ਤੇ ਆਖਣ ਲੱਗੀ:

''ਜਾ ਤੇ ਜਾ ਕੇ ਉਸ ਡੱਬ ਖੜੱਬੀ ਗਊ ਨੂੰ ਮਾਰ ਦੇ।''

ਬੁੱਢਾ ਹੈਰਾਨ ਰਹਿ ਗਿਆ ਤੇ ਉਸ ਨੇ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

''ਤੇਰੀ ਮੱਤ ਤਾਂ ਨਹੀਂ ਮਾਰੀ ਗਈ, ਭਲੀਏ ਲੋਕੇ?'' ਉਹਨੇ ਕਿਹਾ। ''ਅਸੀਲ ਗਊ ਏ ਤੇ ਅਜੇ ਕੋਈ ਬੁੱਢੀ ਖਾਂਗੜ ਵੀ ਨਹੀਂ।''

''ਇਸ ਨੂੰ ਮਾਰ ਦੇ ਤੇ ਕੋਈ ਹੋਰ ਗੱਲ ਕਰਨ ਦੀ ਲੋੜ ਨਹੀਂ,'' ਉਹਦੀ ਘਰਵਾਲ਼ੀ ਨੇ ਜ਼ਿੱਦ ਕੀਤੀ।

ਕੋਈ ਚਾਰਾ ਨਹੀਂ ਸੀ ਤੇ ਬੁੱਢਾ ਆਪਣੀ ਛੁਰੀ ਤੇਜ ਕਰਨ ਲੱਗ ਪਿਆ। ਨਿੱਕੀ ਜਿਹੀ ਹਾਵਰੋਸ਼ੇਚਕਾ ਨੇ ਇਹ ਸਭ ਕੁਝ ਵੇਖਿਆ ਤੇ ਉਹ ਭੱਜੀ-ਭੱਜੀ ਖੇਤ ਵਿੱਚ ਆਈ ਤੇ ਆਪਣੀ ਬਾਹਵਾਂ ਡੱਬ ਖੜੱਬੀ ਦੁਆਲ਼ੇ ਵਲ਼ ਦਿੱਤੀਆਂ।

''ਡੱਬ ਖੜੱਬੀਏ, ਪਿਆਰੀ'', ਉਹਨੇ ਕਿਹਾ ''ਉਹ ਤੈਨੂੰ ਮਾਰ ਦੇਣਾ ਚਾਹੁੰਦੇ ਨੇ।'' ਅਤੇ ਗਊ ਨੇ ਜਵਾਬ ਦਿੱਤਾ।

''ਗ਼ਮ ਨਾ ਕਰ, ਮੇਰੀ ਸੁਹਣੀਏ ਲਾਡੋ ਤੇ ਜਿੱਦਾਂ ਮੈਂ ਕਹਿੰਦੀ ਆਂ ਉਦਾਂ ਕਰ। ਮੇਰੀਆਂ ਹੱਢੀਆਂ ਇਕੱਠੀਆਂ ਕਰ ਲਈਂ, ਉਹਨਾਂ ਨੂੰ ਇੱਕ ਰੁਮਾਲ ਵਿੱਚ ਬੰਨ੍ਹ ਲਈਂ, ਉਹਨਾਂ ਨੂੰ ਬਾਗ਼ ਵਿੱਚ ਦੱਬ ਦੇਈ ਤੇ ਰੋਜ਼ ਪਾਣੀ ਪਾਇਆ ਕਰੀਂ। ਮੇਰਾ ਮਾਸ ਨਾ ਖਾਵੀਂ ਤੇ ਮੈਨੂੰ ਕਦੇ ਨਾ ਭੁਲਾਵੀਂ।''

ਬੁੱਢੇ ਨੇ ਗਊ ਮਾਰ ਦਿੱਤੀ ਅਤੇ ਨਿੱਕੀ ਜਿਹੀ ਹਾਵਰੋਸ਼ੇਚਕਾ ਨੇ ਉਸ ਤਰ੍ਹਾਂ ਹੀ ਕੀਤਾ, ਜਿਸ ਤਰ੍ਹਾਂ ਡੱਬ ਖੜੱਬੀ ਨੇ ਉਹਨੂੰ ਆਖਿਆ ਸੀ। ਉਹ ਭੁੱਖੀ ਰਹੀ, ਪਰ ਉਹਨੇ ਮਾਸ ਨੂੰ ਹੱਥ ਨਾ ਲਾਇਆ ਤੇ ਉਹਨੇ ਹੱਢੀਆਂ ਬਾਗ਼ ਵਿੱਚ ਦੱਬ ਦਿੱਤੀਆਂ ਤੇ ਰੋਜ਼ ਉਹਨਾਂ ਤੇ ਪਾਣੀ ਪਾਇਆ।

ਕੁਝ ਚਿਰ ਮਗਰੋਂ ਉਹਨਾਂ ਹੱਢੀਆਂ ਵਿੱਚੋਂ ਸੇਬਾਂ ਦਾ ਇੱਕ ਬੂਟਾ ਉੱਗ ਪਿਆ ਤੇ ਇਹ ਬੜਾ ਹੀ ਵਚਿੱਤਰ ਬੂਟਾ ਸੀ। ਇਹਦੇ ਸੇਬ ਗੋਲ਼ ਤੇ ਰਸ ਨਾਲ਼ ਭਰੇ ਹੋਏ, ਇਹਦੀਆਂ ਝੂਲਦੀਆਂ ਲਗਰਾਂ ਚਾਂਦੀ ਦੀਆਂ ਤੇ ਇਹਦੇ ਖੜ੍ਹ-ਖੜ੍ਹ ਕਰਦੇ ਪੱਤੇ ਸੋਨੇ ਦੇ ਸਨ। ਜਿਹੜਾ ਵੀ ਕੋਲ਼ੋਂ ਦੀ ਲੰਘਦਾ ਵੇਖਣ ਲਈ ਖਲੋ ਜਾਂਦਾ ਤੇ ਜਿਹੜਾ ਵੀ ਲਾਗੇ ਆਉਂਦਾ ਦੰਗ ਰਹਿ ਜਾਂਦਾ।

ਸਮਾਂ ਬੀਤਦਾ ਗਿਆ, ਬੀਤਦਾ ਗਿਆ। ਇੱਕ ਦਿਨ ਇੱਕ-ਅੱਖੀ, ਦੋ-ਅੱਖੀ ਤੇ ਤਿੰਨ-ਅੱਖੀ ਬਾਗ਼ ਵਿੱਚ ਸੈਰ ਕਰਨ ਗਈਆਂ ਤੇ ਚਾਨਚਕ ਉਸ ਵੇਲ਼ੇ ਇੱਕ ਗੱਭਰੂ, ਸੁਹਣਾ ਤੇ ਤਕੜਾ, ਅਮੀਰ ਜਿਸ ਦੇ ਕੁੰਡਲਾਂ ਵਾਲ਼ੇ ਵਾਲ਼ ਸਨ, ਉੱਥੇ ਆ ਨਿਕਲਿਆ। ਜਦੋਂ ਉਹਨੇ ਰਸ ਨਾਲ਼ ਭਰੇ ਹੋਏ ਸੇਬ ਵੇਖੇ, ਉਹ ਰੁਕ ਗਿਆ ਤੇ ਚਿੜਾਉਣ ਲਈ ਕੁੜੀਆਂ ਨੂੰ ਆਖਣ ਲੱਗਾ।

''ਸੁਹਣੀਓ ਮੁਟਿਆਰੋ! ਤੁਹਾਡੇ ਵਿੱਚੋਂ ਜਿਹੜੀ ਓਸ ਸਾਹਮਣੇ ਬੂਟੇ ਨਾਲ਼ੋਂ ਸੇਬ ਲਿਆ ਦੇਵੇ, ਮੈਂ ਉਹਦੇ ਨਾਲ਼ ਵਿਆਹ ਕਰ ਲਊਂ।''

ਤਿੰਨੇ ਭੈਣਾਂ ਭੱਜਕੇ ਸੇਬ ਦੇ ਬੂਟੇ ਵੱਲ ਗਈਆਂ ਤੇ ਇੱਕ ਦੂਜੀ ਤੇ ਅੱਗੇ ਵੱਧਕੇ ਕੋਸ਼ਿਸ਼ ਕਰਨ ਲੱਗੀਆਂ, ਪਰ ਸੇਬ ਜਿਹੜੇ ਬੜੇ ਨੀਵੇਂ ਲਟਕ ਰਹੇ ਸਨ ਤੇ ਸੌਖਿਆਂ ਹੀ ਹੱਥ ਵਿੱਚ ਆਉਂਦੇ ਜਾਪਦੇ ਸਨ, ਹੁਣ ਉਹਨਾਂ ਭੈਣਾਂ ਦੇ ਸਿਰਾਂ ਤੋਂ ਉੱਚੇ ਹਵਾ ਵਿੱਚ ਝੂਲਣ ਲੱਗ ਪਏ।

ਭੈਣਾਂ ਨੇ ਉਹਨਾਂ ਨੂੰ ਝਾੜਨ ਦੀ ਕੋਸ਼ਿਸ਼ ਕੀਤੀ, ਪਰ ਪੱਤੇ ਵਾਛੜ ਬਣਕੇ ਹੇਠਾਂ ਆ ਪਏ ਤੇ ਉਹ ਅੰਨ੍ਹੀਆਂ ਹੋ ਗਈਆਂ। ਉਹਨਾਂ ਨੇ ਸੇਬ ਤੋੜਨ ਦੀ ਕੋਸ਼ਿਸ਼ ਕੀਤੀ, ਪਰ ਲਗਰਾਂ ਨੇ ਉਹਨਾਂ ਦੀਆਂ ਮੇਢੀਆਂ ਫੜ ਕੇ ਖੋਹ ਸੁੱਟੀਆਂ। ਉਹਨਾਂ ਨੇ ਬਥੇਰੇ ਹੱਥ ਪੈਰ ਮਾਰੇ, ਪਰ ਉਹ ਸੇਬ ਨਾ ਤੋੜ ਸਕੀਆਂ ਤੇ ਆਪਣੇ ਹੱਥਾਂ ਨੂੰ ਝਰੀਟਾਂ ਪੁਆ ਲਈਆਂ।

ਫੇਰ ਨਿੱਕੀ ਜਿਹੀ ਹਾਵਰੋਸ਼ੇਚਕਾ ਰੁੱਖ਼ ਕੋਲ਼ ਗਈ ਤੇ ਇੱਕ ਦਮ ਲਗਰਾਂ ਝੁਕ ਗਈਆਂ ਤੇ ਸੇਬ ਉਹਦੇ ਹੱਥਾਂ ਵਿੱਚ ਆ ਗਏ। ਉਹਨੇ ਇੱਕ ਸੇਬ ਸੁਹਣੇ ਜਵਾਨ ਪ੍ਰਦੇਸੀ ਨੂੰ ਦੇ ਦਿੱਤਾ ਤੇ ਉਹਨੇ ਉਹਦੇ ਨਾਲ਼ ਵਿਆਹ ਕਰਵਾ ਲਿਆ। ਉਸ ਦਿਨ ਤੋਂ ਮਗਰੋਂ ਉਹਨੇ ਕਦੇ ਕੋਈ ਦੁਖ ਤਕਲੀਫ਼ ਨਹੀਂ ਵੇਖੀ ਤੇ ਉਹ ਤੇ ਉਹਦਾ ਪਤੀ ਸੁਖੀ ਸੁਖੀ ਵਸਣ ਲੱਗੇ।



ਜੋਗਿੰਦਰ ਕੌਰ ਅਗਨੀਹੋਤਰੀ

# ਚੰਦਨ

**ਕਾਂਡ**: 8

ਮਾਸਟਰ ਮੋਹਨ ਲਾਲ ਨੇ ਚੰਨੂੰ ਦੀ ਸਾਰੀ ਜ਼ਿੰਮੇਵਾਰੀ ਲੈ ਲਈ, ਉਸਨੇ ਉਸਦਾ ਨਾਂ ਦਾਖ਼ਲ ਕਰਵਾ ਦਿੱਤਾ। ਉਸਦਾ ਨਾਂ ਚੰਨੂੰ ਤੋਂ ਚੰਦਨ ਲਿਖ ਦਿੱਤਾ। ਉਸ ਵਾਸਤੇ ਵਰਦੀ ਬਣਵਾ ਦਿੱਤੀ। ਉਸਨੂੰ ਕਾਇਦਾ, ਪੈਨਸਿਲ, ਤਖ਼ਤੀ, ਕਲਮ, ਦਵਾਤ ਆਦਿ ਸਭ ਚੀਜ਼ਾਂ ਲਿਆ ਕੇ ਦਿੱਤੀਆਂ। ਚੰਨੂੰ ਦੀ ਰੋਟੀ ਦੀ ਜ਼ਿੰਮੇਵਾਰੀ ਵੀ ਮਾਸਟਰ ਜੀ ਨੇ ਆਪ ਹੀ ਲੈ ਲਈ। ਉਹ ਉਸਦੀ ਸਵੇਰ ਦੀ ਰੋਟੀ (ਨਾਸ਼ਤਾ) ਘਰੋਂ ਲੈ ਆਉਂਦਾ, ਦੁਪਹਿਰ ਦੀ ਰੋਟੀ ਚੰਨੂੰ ਉਨ੍ਹਾ ਦੇ ਘਰ ਖਾਂਦਾ, ਸ਼ਾਮ ਦੀ ਰੋਟੀ ਖਾ ਕੇ ਚੰਨੂੰ ਝੁੱਗੀ ਵਿੱਚ ਚਲਾ ਜਾਂਦਾ। ਸਕੂਲੋਂ ਆ ਕੇ ਰੋਟੀ ਖਾ ਕੇ ਉਹ ਮਾਸਟਰ ਜੀ ਦੇ ਘਰ ਹੀ ਆਰਾਮ ਕਰਦਾ। ਫਿਰ ਸਕੂਲ ਦਾ ਕੰਮ ਕਰਦਾ। ਚੰਨੂੰ ਦਾ ਦਿਮਾਗ਼ ਤੇਜ਼ ਸੀ। ਉਹ ਲਗਨ ਨਾਲ਼ ਪੜ੍ਹਦਾ। ਕੁਝ ਹੀ ਦਿਨਾਂ ਵਿੱਚ ਚੰਨੂੰ ਨੇ ਕਾਇਦਾ ਪੜ੍ਹ ਲਿਆ ਤੇ ਸੌ ਤੱਕ ਗਿਣਤੀ ਸਿੱਖ ਲਈ। ਚੰਨੂੰ ਨੂੰ ਉਨ੍ਹਾਂ ਨੇ ਅਗਲੀ ਪੜ੍ਹਾਈ ਲਈ ਵੀ ਪੁਸਤਕ ਲਿਆ ਦਿੱਤੀ। ਅਰੁਣ ਤੇ ਰਮਨ ਵੀ ਚੰਨੂੰ ਨੂੰ ਪੜ੍ਹਾਉਂਦੇ। ਜਦੋਂ ਚੰਨੂੰ ਵਿਹਲਾ ਹੁੰਦਾ ਤਾਂ ਉਹ ਘਰ ਜਾਣ ਦੀ ਬਜਾਏ ਮਾਸਟਰ ਜੀ ਦੇ ਘਰ ਨਿੱਕਾ ਮੋਟਾ ਕੰਮ ਵੀ ਕਰ ਲੈਂਦਾ। ਕਈ ਵਾਰ ਜਦੋਂ ਲੱਛਮੀ ਦੇਵੀ ਕੱਪੜੇ ਧੋਂਦੀ ਤਾਂ ਨਲ਼ਕੇ ਤੋਂ ਪਾਣੀ ਭਰ ਕੇ ਦੇ ਦਿੰਦਾ। ਚੰਨੂੰ ਹੁਣ ਸਾਫ਼ ਸੁਥਰਾ ਬੱਚਾ ਸੀ। ਉਹ ਰਮਨ ਤੇ ਅਰੁਣ ਵਾਂਗ ਜੀ ਕਹਿਣਾ ਸਿੱਖ ਗਿਆ। ਉਹ ਮੋਹਨ ਲਾਲ ਨੂੰ ਮਾਸਟਰ ਜੀ ਤੇ ਉਸਦੀ ਪਤਨੀ ਨੂੰ ਭੈਣ ਜੀ ਕਹਿਣ ਲੱਗ ਪਿਆ। ਜਦੋਂ ਮਾਸਟਰ ਮੋਹਨ ਲਾਲ ਉਸਨੂੰ ਬੁਲਾਉਂਦਾ ਤਾਂ ਉਹ ਕਹਿੰਦਾ, ‘‘ਜੀ ਮਾਸਟਰ ਜੀ’’ ਮਾਸਟਰ ਮੋਹਨ ਲਾਲ ਖ਼ੁਸ਼ ਸੀ। ਇੱਕ ਦਿਨ ਮੋਹਨ ਲਾਲ ਦੀ ਸਿਹਤ ਢਿੱਲੀ ਹੋ ਗਈ। ਉਸਨੂੰ ਬੁਖ਼ਾਰ ਚੜ੍ਹ ਗਿਆ। ਚੰਨੂੰ ਉਦਾਸ ਹੋ ਗਿਆ। ਲੱਛਮੀ ਦੇਵੀ ਮਾਸਟਰ ਜੀ ਦੀਆਂ ਲੱਤਾਂ ਘੁੱਟ ਰਹੀ ਸੀ ਤਾਂ ਚੰਨੂੰ ਨੇ ਕਿਹਾ, ‘‘ਭੈਣ ਜੀ, ਤੁਸੀਂ ਛੱਡੋ ਇਹ ਕੰਮ ਮੈਂ ਕਰੂੰਗਾ’’ ਇਹ ਕਹਿਕੇ ਚੰਨੂੰ ਮਾਸਟਰ ਜੀ ਦੀਆਂ ਲੱਤਾਂ ਘੁੱਟਣ ਲੱਗਾ। ਉਸਨੇ ਉਸਦਾ ਸਾਰਾ ਸਰੀਰ ਘੁੱਟਿਆ। ਕੁਝ ਦਵਾਈ ਦਾ ਅਸਰ ਤੇ ਕੁਝ ਚੰਨੂੰ ਨੇ ਉਨ੍ਹਾ ਦੇ ਸਰੀਰ ਨੂੰ ਘੁੱਟਿਆ ਤਾਂ ਮਾਸਟਰ ਮੋਹਨ ਲਾਲ ਨੂੰ ਸੁਰਤ ਜਿਹੀ ਆ ਗਈ। ਚੰਨੂੰ ਅਜੇ ਵੀ ਮਾਸਟਰ ਜੀ ਦੇ ਪੈਰ ਘੁੱਟ ਰਿਹਾ ਸੀ।

‘‘ਚੰਨੂੰ ਤੂੰ ਅੱਜ ਘਰੇ ਨ੍ਹੀਂ ਗਿਆ?’’

‘‘ਨਹੀਂ ਮਾਸਟਰ ਜੀ ਮੈਂ ਅੱਜ ਘਰੇ ਨ੍ਹੀਂ ਜਾਂਦਾ।’’

‘‘ਮੈਂ ਹੁਣ ਠੀਕ ਆਂ।’’

‘‘ਨਹੀਂ ਜੀ, ਮੈਂ ਅੱਜ ਤੁਹਾਡੇ ਕੋਲ਼ ਈ ਰਹੂੰਗਾ,

ਮੈਂ ਘਰੇ ਸੁਨੇਹਾ ਲਾ ਦਿੱਤਾ।''

''ਚੰਗਾ ਫੇਰ ਤੂੰ ਐਥੇ ਅੱਜ ਮੇਰੇ ਕੋਲ਼ ਈ ਮੰਜਾ ਡਾਹ ਲੈ।'' ਚੰਨੂੰ ਕੁਝ ਨਾ ਬੋਲਿਆ। ਮਾਸਟਰ ਜੀ ਨੇ ਲੱਛਮੀ ਦੇਵੀ ਨੂੰ ਕਿਹਾ, ''ਲਓ ਬਈ ਚੰਨੂੰ ਨੂੰ ਮੰਜਾ-ਬਿਸਤਰਾ ਦਿਓ।''

''ਦੇ ਦਿੰਨੇ ਆਂ'' ਕਹਿਕੇ ਲੱਛਮੀ ਦੇਵੀ ਅੰਦਰੋਂ ਬਿਸਤਰਾ ਲੈਣ ਚਲੀ ਗਈ। ਉਹ ਦਰੀ ਤੇ ਖੇਸ ਤੋਂ ਬਿਨ੍ਹਾ ਤੇ ਸਿਰਾਣਾ ਲੈ ਆਈ। ਉਸਨੇ ਕਿਹਾ, ''ਚੰਨੂੰ ਪੁੱਤ ਔਹ ਮੰਜਾ ਸਿੱਧਾ ਕਰ।'' ਚੰਨੂੰ ਨੇ ਮੰਜਾ ਡਾਹ ਲਿਆ। ਆਪਣਾ ਬਿਸਤਰਾ ਵਿਛਾਇਆ। ਚੰਨੂੰ ਮਾਸਟਰ ਜੀ ਕੋਲ਼ ਲੇਟਿਆ ਦੇਖ ਰਿਹਾ ਸੀ ਕਿ ਮਾਸਟਰ ਜੀ ਨੂੰ ਨੀਂਦ ਨਹੀਂ ਆ ਰਹੀ। ਉਸਨੇ ਪੁੱਛਿਆ, ''ਮਾਸਟਰ ਜੀ ਲੱਤਾਂ ਦੁਖਦੀਆਂ ਨੇ...''

''ਤੂੰ ਪੈ ਜਾ ਯਾਰ ਆਪੇ ਹਟ ਜਾਣਗੀਆਂ।''

ਚੰਨੂੰ ਕੁਝ ਨਾ ਬੋਲਿਆ ਤੇ ਉੱਠ ਕੇ ਚੁੱਪ-ਚਾਪ ਮੋਹਨ ਲਾਲ ਦੀਆਂ ਲੱਤਾਂ ਦੱਬਣ ਲੱਗ ਪਿਆ। ਉਹ ਓਨਾ ਚਿਰ ਨਾ ਹਟਿਆ, ਜਿੰਨਾਂ ਚਿਰ ਉਸਨੂੰ ਨੀਂਦ ਨਾ ਆਈ।

ਰਾਤ ਨਿਕਲ ਗਈ। ਮਾਸਟਰ ਜੀ ਦੀ ਸਿਹਤ ਵਿੱਚ ਸੁਧਾਰ ਹੋ ਗਿਆ। ਮਾਸਟਰ ਜੀ ਨੇ ਚੰਨੂੰ ਨੂੰ ਕਿਹਾ, ''ਚੰਨੂੰ ਤਿਆਰ ਹੋ ਆਪਾਂ ਸਕੂਲ ਚੱਲਣੈ...''

ਚੰਨੂੰ ਕੋਲ਼ ਹੋਰ ਕੱਪੜੇ ਨਹੀਂ ਸਨ। ਉਹ ਵਰਦੀ ਪਾ ਕੇ ਹੀ ਸੌਂ ਗਿਆ ਸੀ। ਲੱਛਮੀ ਦੇਵੀ ਨੇ ਅਰੁਣ ਦੀ ਪੁਰਾਣੀ ਵਰਦੀ, ਜੋ ਧੋਤੀ ਅਤੇ ਪਰੈਸ ਕੀਤੀ ਸੀ ਉਹ ਚੰਨੂੰ ਨੂੰ ਪਾਉਣ ਲਈ ਦੇ ਦਿੱਤੀ। ਚੰਨੂੰ ਨੇ ਨਹਾ ਕੇ ਲੱਛਮੀ ਦੇਵੀ ਤੋਂ ਸਾਬਣ ਪੁੱਛ ਕੇ ਆਪਣੇ ਕੱਪੜੇ ਧੋ ਕੇ ਸੁੱਕਣੇ ਪਾ ਦਿੱਤੇ। ਮਾਸਟਰ ਜੀ ਇਹ ਦੇਖ ਬੜੇ ਖ਼ੁਸ਼ ਹੋਏ। ਉਨ੍ਹਾ ਦੇ ਮੂੰਹ ਵਿੱਚ ਆਪ ਮੁਹਾਰੇ ਨਿਕਲ ਗਿਆ, ''ਬਈ ਚੰਨੂੰ ਇੱਕ ਦਿਨ ਜ਼ਰੂਰ ਕਾਮਯਾਬ ਹੋਊਗਾ।''

ਮਾਸਟਰ ਜੀ, ਉਨ੍ਹਾ ਦੇ ਬੱਚੇ ਅਤੇ ਚੰਨੂੰ ਸਾਰੇ ਰੋਟੀ ਖਾ ਕੇ ਸਕੂਲ ਚਲੇ ਗਏ। ਲੱਛਮੀ ਦੇਵੀ ਘਰ ਦੇ ਕੰਮਾਂ ਵਿੱਚ ਲੱਗ ਗਈ। ਦੁਪਹਿਰ ਦੀ ਰੋਟੀ ਖਾਧੀ ਗਈ। ਸ਼ਾਮ ਦੀ ਰੋਟੀ ਖਾ ਕੇ ਚੰਨੂੰ ਝੁੱਗੀ ਵਿੱਚ ਆਪਣੇ ਮਾਂ-ਪਿਓ ਕੋਲ਼ ਜਾਣ ਲੱਗਿਆ ਤਾਂ ਲੱਛਮੀ ਦੇਵੀ ਨੇ ਉਸਨੂੰ ਕਿਹਾ, ''ਚੰਨੂੰ, ਉਨ੍ਹਾਂ ਬੱਚਿਆਂ ਲਈ ਮਠਿਆਈ ਲੈ ਜਾ।'' ਚੰਨੂੰ ਮਿਠਾਈ ਲੈ ਕੇ ਚਲਾ ਗਿਆ।

ਚੰਨੂੰ ਦੇ ਜਾਣ ਤੋਂ ਪਿੱਛੋਂ ਸਾਰੇ ਜਣੇ ਉਸਦੀਆਂ ਹੀ ਗੱਲਾਂ ਕਰ ਰਹੇ ਸਨ ਕਿ ਬਾਹਰਲਾ ਦਰਵਾਜ਼ਾ ਖੜ੍ਹਿਆ,

''ਕੌਣ ਐ?'' ਮਾਸਟਰ ਜੀ ਨੇ ਪੁੱਛਿਆ।

''ਮੈਂ ਲਾਲ ਹਾਂ ਮਾਸਟਰ ਜੀ ਚੰਨੂੰ ਦਾ ਬਾਪੂ।''

ਦਰਵਾਜ਼ਾ ਖੁੱਲ੍ਹਿਆ ਤਾਂ ਲਾਲ ਅਤੇ ਮਹਿੰਦਰੋ ਦੋਨੋਂ ਹੀ ਖੜ੍ਹੇ ਸੀ।

''ਕਿਉਂ ਚੰਨੂੰ ਘਰ ਨ੍ਹੀਂ ਪਹੁੰਚਿਆ?'' ਮੋਹਨ ਲਾਲ ਨੇ ਹੈਰਾਨੀ ਨਾਲ਼ ਪੁੱਛਿਆ।

''ਉਹ ਘਰੇ ਅਪੜਿਆ ਤਾਂ ਹੀ ਅਸੀਂ ਆਏ। ਉਸਨੇ ਹੀ ਦੱਸਿਆ ਕਿ ਮਾਸਟਰ ਜੀ ਬੀਮਾਰ ਹੋਗੇ ਸੀ।'' ਲਾਲ ਨੇ ਕਿਹਾ।

''ਹਾਂ, ਬੁਖ਼ਾਰ ਹੋ ਗਿਆ ਸੀ।''

''ਸਾਨੂੰ ਤਾਂ ਬੜੀ ਔਖ ਹੋਈ'' ਮਹਿੰਦਰੋ ਬੋਲੀ।

''ਚਲੋ ਐਂ ਤਾਂ ਹੁੰਦਾ ਈ ਰਹਿੰਦੈ।''

''ਬੈਠੋ।'' ਮਾਸਟਰ ਜੀ ਨੇ ਕਿਹਾ।

''ਨਹੀਂ ਮਾਸਟਰ ਜੀ ਅਸੀਂ ਚਲਦੇ ਆਂ...। ਜੁਆਕ 'ਕੱਲੇ ਨੇ, ਚੰਨੂੰ ਉਨ੍ਹਾ ਦੇ ਕੋਲ਼ੇ ਸੀ। ਅਸੀਂ ਸੋਚਿਆ ਭੱਜ ਕੇ ਪਤਾ ਲਿਆਈਏ।''

''ਚੰਨੂੰ ਬਹੁਤ ਸਿਆਣੈ।''

''ਸਿਆਣਾ ਤਾਂ ਤੁਸੀਂ ਬਣਾਇਐ ਜੀ। ਉਸਨੇ ਤਾਂ ਸਾਨੂੰ ਵੀ ਜੀ ਕਹਿਣ ਲਾ ਤਾ ਉਹ ਆਪ ਤਾਂ ਜੀ ਕਹਿਣਾ ਸਿੱਖ ਈ ਗਿਆ।''

''ਚਲੋ ਬਹੁਤ ਵਧੀਆ ਹੋਇਆ। ਇੱਕ ਬੱਚਾ ਪੜ੍ਹ ਗਿਆ ਤਾਂ ਆਪਣੇ ਆਪ ਨੂੰ ਸਫ਼ਲ ਸਮਝੋ। ਉਹ ਅੱਗੇ ਛੋਟਿਆਂ ਬੱਚਿਆਂ ਨੂੰ ਵੀ ਕੁਝ ਦੱਸੇਗਾ।''

''ਹਾਂ ਜੀ ਉਹ ਤਾਂ ਉਨ੍ਹਾਂ ਨੂੰ ਵੀ ਸਿਖਾਉਂਦਾ ਹੈ।''

''ਫੇਰ ਉਹ ਛੇਤੀ ਪੜ੍ਹਨਾ ਸਿੱਖ ਜਾਣਗੇ।''

''ਉਨ੍ਹਾ ਨੂੰ ਵੀ ਲਾ ਲਵੋਗੇ ਮਾਸਟਰ ਜੀ।''

''ਹਾਂ ਹਾਂ ਉਨ੍ਹਾ ਨੂੰ ਵੀ ਲਾਵਾਂਗੇ।''

''ਉਨ੍ਹਾ ਦਾ ਖ਼ਰਚਾ ਅਸੀਂ ਆਪੇ ਕਰ ਲਵਾਂਗੇ।''

''ਤੁਸੀਂ ਇਸ ਗੱਲ ਦੀ ਚਿੰਤਾ ਨਾ ਕਰੋ। ਤੁਸੀਂ

ਉਨ੍ਹਾ ਨੂੰ ਪੜ੍ਹਨ ਲਾ ਦਿਓ।'' ਇਸ ਤਰ੍ਹਾਂ ਗੱਲਾਂ ਕਰਕੇ ਲਾਲ ਅਤੇ ਮਹਿੰਦਰੋ ਚਲੀ ਗਏ।

ਅਗਲਾ ਦਿਨ ਚੜ੍ਹਿਆ। ਚੰਨੂੰ ਤਿਆਰ ਹੋ ਕੇ ਆ ਗਿਆ। ਲੱਛਮੀ ਦੇਵੀ ਨੇ ਉਸਨੂੰ ਰੋਟੀ ਖਾਣ ਨੂੰ ਦਿੱਤੀ। ਫਿਰ ਸਾਰੇ ਸਕੂਲ ਚਲੇ ਗਏ।

ਦੁਪਹਿਰ ਦੀ ਛੁੱਟੀ ਤੋਂ ਬਾਅਦ ਚੰਨੂੰ ਨੇ ਆਪਣਾ ਕੰਮ ਕੀਤਾ। ਉਸਨੇ ਸਾਰਿਆਂ ਦੇ ਮੰਜੇ ਵਿਹੜੇ ਵਿੱਚ ਡਾਹ ਦਿੱਤੇ ਤੇ ਰਮਨ ਨੂੰ ਕਿਹਾ, ''ਜਾਹ ਰਮਨ ਅੰਦਰੋਂ ਬਿਸਤਰੇ ਲਿਆ ਆਪਾਂ ਸਾਰਿਆਂ ਦੇ ਵਿਛਾਵਾਂਗੇ।'' ਰਮਨ ਬਿਸਤਰੇ ਬਾਹਰ ਲੈ ਆਇਆ। ਚੰਨੂੰ ਅਤੇ ਰਮਨ ਸਾਰੇ ਬਿਸਤਰੇ ਝਾੜ ਕੇ ਵਿਛਾਉਣ ਲੱਗੇ। ਇੰਨੇ ਵਿੱਚ ਸੁਰਿੰਦਰਜੀਤ ਮਾਸਟਰ ਜੀ ਆ ਗਏ। ਚੰਨੂੰ ਨੇ ਭੱਜ ਕੇ ਉਸਦੇ ਪੈਰੀਂ ਹੱਥ ਲਾਏ ਅਤੇ ਚੰਨੂੰ ਵਾਪਸ ਆ ਕੇ ਫਿਰ ਆਪਣੇ ਕੰਮ ਲੱਗ ਗਿਆ। ਚੰਨੂੰ ਨੂੰ ਕੰਮ ਕਰਦੇ ਦੇਖ ਕੇ ਸੁਰਿੰਦਰਜੀਤ ਨੇ ਪੁੱਛਿਆ, ''ਯਾਰ ਮੋਹਨ ਲਾਲ, ਇਹ ਜੋਗੀ ਤਾਂ ਸਭ ਦੇ ਗੁਰੂ ਹੁੰਦੇ ਨੇ ਤੂੰ ਇਹ ਚੇਲਾ ਕਿਵੇਂ ਮੁੰਨ ਲਿਆ।''

''ਯਾਰ ਇਹ ਤਾਂ ਬੰਦਾ ਬਹੁਤ ਵਧੀਐ। ਮੈਨੂੰ ਇਹਦਾ ਊਈਂ ਮੋਹ ਆਉਣ ਲੱਗ ਪਿਆ, ਇਹਨੂੰ ਅਪਣਾ ਲਿਆ।''

''ਵਾਹ! ਬੜੀ ਵਧੀਆ ਸੋਚ ਐ, ਜੇ ਕੋਈ ਹੋਰ ਹੋਵੇ ਨਿਗ੍ਹਾ 'ਚ ਤਾਂ ਮੇਰੇ ਵਾਸਤੇ ਈ ਕੋਈ ਬੱਚਾ ਲੱਭ ਦੇ, ਮੈਂ ਵੀ ਇਹ ਪੁੰਨ ਦਾ ਕੰਮ ਕਰਕੇ ਰਾਜ਼ੀ ਆਂ।''

''ਲੱਭਣ ਨੂੰ ਤਾਂ ਕੀ ਐ, ਇਹਦੀ ਭੈਣ ਹੈਗੀ ਐ, ਇਹਤੋਂ ਇੱਕ-ਦੋ ਸਾਲ ਛੋਟੀ ਹੋਊ...''

''ਚਲ ਪੁੱਛ ਕੇ ਕਰਾ ਦੇ ਗੱਲ ਕੰਨਿਆ ਨੂੰ ਪੜ੍ਹਾਉਣਾ ਤਾਂ ਸਭ ਤੋਂ ਵੱਡਾ ਪੁੰਨ ਐ।''

''ਮੈਂ ਤਾਂ ਇਹਦੇ ਤੇ ਸਾਰਾ ਖ਼ਰਚ ਕਰਦਾਂ ਤਿੰਨ ਵੇਲੇ ਦੀ ਰੋਟੀ, ਕੱਪੜਾ, ਵਰਦੀ, ਕਿਤਾਬਾਂ ਤੇ ਫੀਸ ਤੇ ਬਾਕੀ ਪੜ੍ਹਾਉਣਾ...।''

''ਮੈਂ ਵੀ ਇਹ ਚੀਜ਼ਾਂ ਦੇਣ ਵਾਸਤੇ ਤਿਆਰ ਆਂ।''

''ਬਸ ਬੱਚੇ ਤਾਂ ਪਿਆਰ ਦੇ ਭੁੱਖੇ ਹੁੰਦੇ ਨੇ।''

''ਇਸ ਗੱਲ ਦੀ ਚਿੰਤਾ ਨਾ ਕਰੋ ਆਵਦਿਆਂ ਨਾਲ਼ੋਂ ਵੱਧ ਰੱਖਾਂਗੇ, ਤੁਸੀਂ ਗੱਲ ਕਰ ਲਿਓ।'' (ਚਲਦਾ...)

ਬਿਸ਼ੰਭਰ ਅਵਾਂਖੀਆ
97818-25255



# ਪਾਣੀ

ਪਾਣੀ ਅਨਮੋਲ ਹੈ, ਬਚਾਓ, ਬੱਚਿਓ।
ਬਿਨ੍ਹਾ ਲੋੜ ਐਵੇਂ ਨਾ ਵਹਾਓ, ਬੱਚਿਓ।

ਮੁੱਕ ਜਾਣਾ ਜੀਵਨ ਜੇ ਪਾਣੀ ਮੁੱਕਿਆ,
ਸਭ ਨੂੰ ਇਹ ਗੱਲ ਸਮਝਾਓ, ਬੱਚਿਓ।

ਹੀਲਾ ਕੋਈ ਕਰੋ ਪਾਣੀ ਨੂੰ ਬਚਾਉਣ ਦਾ,
ਨਾ ਮੌਕਾ ਇਹ ਕੀਮਤੀ ਗਵਾਓ, ਬਚਾਓ।

ਰੁੱਖ ਜਿੰਦ-ਜਾਨ ਹੈ ਇਹ ਜਲਵਾਯੂ ਦੀ,
ਇੱਕ-ਇੱਕ ਰੁੱਖ ਸਾਰੇ ਲਾਓ, ਬੱਚਿਓ।

ਨਹਾਉਣ ਵੇਲ਼ੇ ਪਾਣੀ ਵਰਤੋ ਸੰਭਾਲ਼ ਕੇ,
ਪਾਣੀ ਪਾ ਕੇ ਟੱਬ 'ਚ ਨਹਾਓ, ਬੱਚਿਓ।

ਭਰ ਜਾਂਦਾ ਘੜਾ ਬੂੰਦ-ਬੂੰਦ ਨਾਲ਼ ਜੀ,
ਮਨਾਂ ਵਿੱਚ ਗੱਲ ਇਹ ਬਿਠਾਓ, ਬੱਚਿਓ।

ਪਾਣੀ ਨੂੰ ਭਵਿੱਖ ਵਾਸਤੇ ਵੀ ਰੱਖਣਾ,
ਨ੍ਹੇਰੇ 'ਚ ਭਵਿੱਖ ਨਾ ਲੁਕਾਓ, ਬੱਚਿਓ।

# ਪੰਜਾਬ ਸਕੂਲ ਸਿੱਖਿਆ ਬੋਰਡ

## ਅੱਠਵੀਂ ਪਰੀਖਿਆ ਮਾਰਚ 2023 (ਰੈਗੂਲਰ)

ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲ਼ੇ ਵਿਦਿਆਰਥੀ



600/600
**ਲਵਪ੍ਰੀਤ ਕੌਰ**
ਪੁੱਤਰੀ ਸ. ਕੁਲਵਿੰਦਰ ਸਿੰਘ
ਸਰਕਾਰੀ ਕੰਨਿਆ ਸੀ.ਸੈ. ਸਕੂਲ
ਬੁਢਲਾਡਾ (ਮਾਨਸਾ)



600/600
**ਗੁਰਅੰਕਿਤ ਕੌਰ**
ਪੁੱਤਰੀ ਸ. ਸੁਖਵਿੰਦਰ ਸਿੰਘ
ਸਰਕਾਰੀ ਕੰਨਿਆ ਸੀ.ਸੈ. ਸਕੂਲ
ਬੁਢਲਾਡਾ (ਮਾਨਸਾ)



598/600
**ਸਮਰਪ੍ਰੀਤ ਕੌਰ**
ਪੁੱਤਰੀ ਸ. ਜਗਦੇਵ ਸਿੰਘ
ਗੁਰੂ ਨਾਨਕ ਪਬਲਿਕ ਸੀ.ਸੈ. ਸਕੂਲ
ਬੱਸੀਆਂ (ਲੁਧਿਆਣਾ)

## ਪੰਜਵੀਂ ਪਰੀਖਿਆ ਮਾਰਚ 2023 (ਰੈਗੂਲਰ)

ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲ਼ੇ ਵਿਦਿਆਰਥੀ



500/500
**ਜਸਪ੍ਰੀਤ ਕੌਰ**
ਪੁੱਤਰੀ ਸ. ਜਰਨੈਲ ਸਿੰਘ
ਸਰਕਾਰੀ ਪ੍ਰਾਇਮਰੀ ਸਕੂਲ
ਰੱਲਾ ਕੋਠੇ (ਮਾਨਸਾ)



500/500
**ਨਵਦੀਪ ਕੌਰ**
ਪੁੱਤਰੀ ਸ. ਕਰਮਜੀਤ ਸਿੰਘ
ਸਰਕਾਰੀ ਪ੍ਰਾਇਮਰੀ ਸਕੂਲ
ਰੱਲਾ ਕੋਠੇ (ਮਾਨਸਾ)



500/500
**ਗੁਰਨੂਰ ਸਿੰਘ ਧਾਲੀਵਾਲ**
ਪੁੱਤਰ ਸ. ਭਗਤ ਸਿੰਘ ਧਾਲੀਵਾਲ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ
ਕਾਨਵੈਂਟ ਸਕੂਲ, ਭਾਣਾ (ਫਰੀਦਕੋਟ)


Registered No. CHD/0063/2021-2023
Registered with the Registrar of Newspapers for India, New Delhi under R.N.I. 34016/80

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੱਤਰ, ਪ੍ਰਿੰਟਰ ਅਤੇ ਪਬਲਿਸ਼ਰ ਨੇ ਬੇਦੀ ਬ੍ਰਦਰਜ਼ ਪ੍ਰਿੰਟਿੰਗ ਪ੍ਰੋਫ਼ੈਸ਼ਨਲ, 14, ਇੰਡਸਟ੍ਰੀਅਲ ਏਰੀਆ, ਫੇਸ-1, ਚੰਡੀਗੜ੍ਹ ਤੋਂ ਛਪਵਾ ਕੇ ਫ਼ੇਜ਼ 8, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 30 ਜੂਨ 2023 ਨੂੰ ਪ੍ਰਕਾਸ਼ਿਤ ਕੀਤਾ।

ਸੰਪਾਦਕ, ਦਰਸ਼ਨ ਸਿੰਘ ਬਨੂੜ

ਮੁੱਲ: ₹20